
ਨਾਮ ਬਨਾਮ ਨਾਮ

ਜਸਵੀਰ ਸਿੰਘ ਮੋਰੋਂ



NAAM BANAAM NAAM

By

Jasvir Singh Moron

V& P. O. Moron

Distt. Jalandhar-144029

Mob.94172-62838

ਤਤਕਰਾ ਪੰਨਾ 10 ਤੇ ਹੈ

©	:	ਲੇਖਕ
ਸਰਵਰਕ	:	ਸੁਖਵੰਤ
ਦੂਜੀ ਵਾਰ	:	2011
ਮੁੱਲ	:	30 ਰੁਪਏ
ਪ੍ਰਕਾਸ਼ਕ	:	ਪੈਗ਼ਾਮ ਪ੍ਰਕਾਸ਼ਨ, ਜਲੰਧਰ, 144029
ਪ੍ਰਿੰਟਰਜ਼	:	ਵ੍ਹਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

ਇਸੇ ਕਲਮ ਤੋਂ

ਜੋ ਬੋਲੇ ਸੋ ਨਿਰਭੈਅ (2006)

ਅਖੌਤੀ ਸਵਰਗ ਦਾ ਲਾਲਚ
ਅਤੇ
ਨਰਕ ਦਾ ਡਰ ਛੱਡ ਕੇ
"ਸਰਬੱਤ ਦਾ ਭਲਾ"
ਕਰਨ ਵਾਲੇ
ਕਾਰਜ ਕਰ ਰਹੇ
ਲੋਕਾਂ ਦੇ ਨਾਂ

ਮਕਸਦ

ਲੋਕਾਈ ਨੂੰ ਰੱਬ ਦੇ ਨਾਮ (ਨਾਮਦਾਨ, ਨਾਮ ਦੀ ਦਾਤ, ਨਾਮ ਸ਼ਬਦ) ਨੂੰ ਪ੍ਰਾਪਤ ਕਰਨ, ਰਟਣ, ਜਪਣ ਦੇ ਜੰਜਾਲ ਤੋਂ ਮੁਕਤ ਕਰਾਉਣਾ। ਮਨੁੱਖ ਦੇ ਮਾਨਵੀ ਗੁਣਾਂ (ਪਿਆਰ, ਸਤਿਕਾਰ, ਹਮਦਰਦੀ, ਇਮਾਨਦਾਰੀ, ਵਫ਼ਾਦਾਰੀ ਕਿਰਤ ਆਦਿ) ਨੂੰ ਉਜਾਗਰ ਕਰਕੇ ਸਮੁੱਚੀ ਧਰਤੀ 'ਤੇ ਜੀਵਨ ਨੂੰ ਸਭ ਦੇ ਜੀਉਣ ਅਤੇ ਮਾਨਣ ਯੋਗ ਬਣਾਉਣਾ। ਰੱਬ ਦੇ ਮਾਣ ਸਤਿਕਾਰ ਦੀ ਥਾਂ ਮਨੁੱਖ ਦੇ ਮਾਣ-ਸਤਿਕਾਰ ਨੂੰ ਬਹਾਲ ਕਰਵਾਉਣਾ ਹੈ ਤਾਂ ਕਿ ਹੋਰ ਸਵਰਗ ਦੀ ਝਾਕ ਛੱਡ ਕੇ ਇਸ ਧਰਤੀ ਨੂੰ ਹੀ ਸੋਹਣਾ ਬਣਾਇਆ ਜਾ ਸਕੇ।

ਲੀਕਾਂ ਅੰਦਰ ਤੁਰਦੇ ਜਾਣਾ, ਹੈ ਨਾ ਆਦਤ ਸਾਡੀ
ਨਵੀਂਆਂ ਲੀਹਾਂ ਪਾ ਜਾਣੇ ਦੀ, ਹਿੰਮਤ ਹਾਂ ਅਸੀਂ ਰੱਖਦੇ।

-ਮੱਖਣ ਕ੍ਰਾਂਤੀ

ਬੇ-ਜ਼ੁਬਾਨਾਂ ਨੂੰ ਜ਼ੁਬਾਂ ਤੇ ਅੰਨ੍ਹਿਆਂ ਨੂੰ ਰੌਸ਼ਨੀ,
ਬੋਲਿਆਂ ਨੂੰ ਹੱਕ ਦੀ ਬਾਣੀ ਸੁਣਾ ਕੇ ਵੇਖੀਏ।

-ਨਰਿੰਦਰ ਮਾਨਵ

ਹੁਣ ਦੀ ਨਈਂ ਜ਼ਿੰਦਗੀ ਸੰਵਰੀ, 'ਅੱਗਾ' ਸੰਵਾਰਦੇ ਨੇ।
ਇਹ ਜੋ ਇੱਤਰ ਵੇਚਦੇ ਨੇ, ਖ਼ੁਦ ਮੁਸ਼ਕ ਮਾਰਦੇ ਨੇ।

-ਰੇਸ਼ਮ ਕਰਨਾਣਵੀ

ਨਹੀਂ ਹੁੰਦਾ ਭਲਾ ਏਂਦਾ, 'ਭਲਾ' ਆਖੋ ਜੋ ਹਰ ਵੇਲੇ,
ਭਲੇ ਦੇ ਵਾਸਤੇ ਯਾਰੋ, 'ਬੁਰਾ' ਵੀ ਬੋਲਣਾ ਪੈਂਦੈ।

-ਜਸਵਿੰਦਰ ਮਹਿਰਮ

ਅਸੀਂ ਉੱਠਣਾ ਜੇ ਉੱਚੇ ਵਿਦਿਆਲਿਆਂ ਦੀ ਲੋੜ,
ਸਾਡੀ ਹੋਣੀ ਨਹੀਂ ਤਰੱਕੀ ਉੱਚੇ ਡੇਰਿਆਂ ਦੇ ਨਾਲ਼।

-ਹਰਕੋਮਲ ਬਰਿਆਰ

ਚਲੋ ਹੁਣ ਆਪਣੀ ਕਿਸਮਤ, ਬਣਾਈਏ ਆਪ ਹੀ ਆਪਾਂ,
ਬਥੇਰੀ ਵੇਖ ਲਈ ਆਪਾਂ, ਖ਼ੁਦਾ ਦੀ ਬੰਦਗੀ ਕਰਕੇ।

-ਗੁਰਦਿਆਲ ਰੌਸ਼ਨ

ਵਿਚਾਰਾਂ ਤੋਂ ਫੈਸਲੇ ਤੱਕ

ਹਰ ਰੋਜ਼ ਬਹੁਤ ਸਾਰੀਆਂ ਗੱਲਾਂ ਬੇ-ਧਿਆਨੇ ਹੀ ਕੀਤੀਆਂ ਜਾਂਦੀਆਂ ਹਨ। ਜੇਕਰ ਉਨ੍ਹਾਂ ਕੀਤੀਆਂ ਗੱਲਾਂ-ਬਾਤਾਂ ਬਾਰੇ ਵਿਚਾਰ ਕੀਤੀ ਜਾਵੇ ਤਾਂ ਕਈ ਸਵਾਲ ਪੈਦਾ ਹੋ ਜਾਂਦੇ ਹਨ। ਕੁਝ ਪ੍ਰਸ਼ਨ ਆਪਣੇ ਆਪ ਸਪੱਸ਼ਟ ਹੋ ਜਾਂਦੇ ਹਨ। ਹੋਰਾਂ ਬਾਰੇ ਜਾਣਨ ਦੀ ਇੱਛਾ ਪੈਦਾ ਹੋ ਜਾਂਦੀ ਹੈ ਤਾਂ ਕਿ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕੇ। ਇੰਝ ਕਿਸੇ ਗੱਲਬਾਤ, ਵਿਚਾਰ ਦੀ ਜਾਂਚ-ਪੜਤਾਲ ਕਰਨ ਨਾਲ ਮਨੁੱਖ ਦੀ ਸਮਝ ਦਾ ਪੱਧਰ ਹੋਰ ਵੱਧਦਾ ਹੈ। ਐਪਰ ਆਮ ਜ਼ਿੰਦਗੀ ਵਿੱਚ ਕਾਰ-ਵਿਹਾਰ ਕਰਦਿਆਂ ਕੁਝ ਗੱਲਾਂ, ਵਿਚਾਰਾਂ ਨੂੰ ਬਹੁਤੇ ਵਿਅਕਤੀ ਅੱਧਵਾਟੇ ਹੀ ਛੱਡ ਦਿੰਦੇ ਹਨ। ਉਨ੍ਹਾਂ ਤੇ ਸਵਾਲ ਖੜ੍ਹੇ ਨਹੀਂ ਕਰਦੇ, ਜਵਾਬ ਜਾਨਣ ਦੀ ਇੱਛਾ ਨਹੀਂ ਰੱਖਦੇ। ਰੋਜ਼ਾਨਾ ਜ਼ਿੰਦਗੀ 'ਚ ਵਰਤੇ ਜਾਂਦੇ, ਪ੍ਰਵਾਨਤ ਕੁਝ ਕੁ ਵਿਚਾਰਾਂ ਨੂੰ ਲੜੀਬੱਧ ਪੇਸ਼ ਕਰਕੇ, ਕਿਸੇ ਫੈਸਲੇ ਤੱਕ ਲੈ ਕੇ ਜਾਣ ਦਾ ਯਤਨ ਕੀਤਾ ਜਾ ਰਿਹਾ ਹੈ। ਜਿਵੇਂ:-

✪ ਮੰਨਿਆਂ, ਕਿਹਾ ਤੇ ਸਮਝਿਆ ਜਾਂਦਾ ਹੈ ਕਿ ਕਿਸੇ ਮਨੁੱਖ ਦੀ ਜਿੰਨੀ ਉਮਰ ਜਾਂ ਸਾਹ ਉੱਪਰ ਕਿਤੇ ਰੱਬ ਜਾਂ ਬਿਧਮਾਤਾ ਨੇ ਲਿਖੇ ਜਾਂ ਨਿਸ਼ਚਤ ਕੀਤੇ ਹੋਏ ਹਨ। ਕੋਈ ਵੀ ਵਿਅਕਤੀ ਉਨ੍ਹਾਂ ਸਾਹਾਂ ਤੋਂ ਵੱਧ ਘੱਟ ਨਹੀਂ ਲੈ ਸਕਦਾ। ਇਸ ਦੇ ਨਾਲ ਹੀ ਮਰਨ ਦੇ ਥਾਂ ਬਾਰੇ ਵੀ ਜ਼ਿਕਰ ਕੀਤਾ ਜਾਂਦਾ ਹੈ ਕਿ ਜਿੱਥੇ ਕਿਤੇ ਕਿਸੇ ਦੀ ਮੌਤ ਲਿਖੀ ਗਈ ਹੈ, ਉੱਥੇ ਹੀ ਹੁੰਦੀ ਹੈ। ਕੋਈ ਵੀ ਇੱਕ ਇੰਚ ਤੇ ਮਿੰਟ ਆਸੇ-ਪਾਸੇ ਨਹੀਂ ਹੋ ਸਕਦਾ।

ਪ੍ਰੰਤੂ ਜਦੋਂ ਕੋਈ ਵਿਅਕਤੀ ਖੂਹ ਵਿੱਚ ਡਿੱਗ ਕੇ ਜਾਂ ਛਾਲ ਮਾਰ ਕੇ, ਐਕਸੀਡੈਂਟ ਹੋ ਕੇ, ਸੱਪ ਲੜ ਕੇ, ਕੁੱਤੇ ਦੇ ਵੱਢਣ ਨਾਲ, ਅੱਗ ਵਿੱਚ ਸੜ ਕੇ, ਪਾਣੀ ਵਿੱਚ ਡੁੱਬ ਕੇ, ਫਾਹਾ ਲੈ ਕੇ ਜਾਂ ਜ਼ਹਿਰ ਆਦਿ ਖਾ ਕੇ ਮਰ ਜਾਂਦਾ ਹੈ। ਅਜਿਹੇ ਵਿਅਕਤੀ ਦੀ ਮੌਤ ਨੂੰ ਅਣਆਈ ਜਾਂ ਬੇ-ਵਕਤੀ ਮੌਤ ਮੰਨਿਆਂ ਤੇ ਕਿਹਾ ਜਾਂਦਾ ਹੈ।

ਜਦੋਂ ਪਹਿਲਾਂ ਇਹ ਮੰਨ ਰਹੇ ਹਾਂ ਕਿ ਰੱਬ ਦੇ ਲਿਖੇ ਹੁਕਮ ਅਨੁਸਾਰ ਹੀ ਮੌਤ ਹੁੰਦੀ ਹੈ। ਜਿਸ ਦੇ ਹੁਕਮ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ। ਫਿਰ ਇਸ ਨੂੰ ਅਣਆਈ ਜਾਂ ਬੇ-ਵਕਤੀ ਮੌਤ ਨਹੀਂ ਮੰਨਿਆ ਜਾ ਸਕਦਾ। ਇਹਦੇ ਨਾਲ ਇਸ ਗੱਲ ਨੂੰ ਵੀ ਜੋੜਿਆ ਜਾਂਦਾ ਹੈ ਕਿ ਅਜਿਹੇ ਵਿਅਕਤੀ ਦੀ ਗਤੀ ਨਹੀਂ ਹੁੰਦੀ ਭਾਵ ਜਿੱਥੇ ਕਿਤੇ ਸਵਰਗ-ਨਰਕ, ਧਰਮ ਰਾਜ ਜਾਂ ਰੱਬ ਦੀ ਦਰਗਾਹ ਵਿੱਚ ਲੇਖਾ-ਜੋਖਾ, ਹਿਸਾਬ-ਕਿਤਾਬ ਦੇਣਾ ਮੰਨਿਆਂ ਜਾਂਦਾ ਹੈ ਉੱਥੇ ਮਨੁੱਖੀ ਆਤਮਾ ਨਹੀਂ ਪਹੁੰਚਦੀ।

ਜਦੋਂ ਕਿ ਇਹ ਵੀ ਮੰਨਿਆਂ ਜਾਂਦਾ ਹੈ ਕਿ ਧਰਮ ਰਾਜ ਜਾਂ ਉਹਦੇ ਦੂਤ ਮਨੁੱਖ (ਆਤਮਾ) ਨੂੰ ਆਪ ਆ ਕੇ ਲੈ ਜਾਂਦੇ ਹਨ। ਐਪਰ ਗੁਰੂ/ਪੀਰ ਨੂੰ ਮੰਨਣ ਵਾਲਿਆਂ

'ਨਾਮ ਦਾਨ' ਦੇ ਸਰਟੀਫ਼ਿਕੇਟ ਪ੍ਰਾਪਤ ਸੇਵਕਾਂ ਨੂੰ ਉਨ੍ਹਾਂ ਦੇ ਮਹਾਰਾਜ, ਬਾਬੇ, ਸੰਤ ਆਪ ਆ ਕੇ ਲੈ ਜਾਂਦੇ ਹਨ ਜਦ ਕਿ ਉਹ ਆਪ ਇੱਥੇ ਜਿਊਂਦੇ ਬੈਠੇ ਹੁੰਦੇ ਹਨ। ਉਪਰੋਕਤ ਕਾਰਨਾਂ ਨਾਲ ਮਰਨ ਵਾਲਿਆਂ ਵਿੱਚੋਂ ਵੀ ਬਹੁਤੇ 'ਨਾਮ' ਦੀ ਦਾਤ ਪ੍ਰਾਪਤ 'ਨਾਮ' ਜਪਣ ਵਾਲੇ ਹੁੰਦੇ ਹਨ। ਪਰ ਉਹ ਫਿਰ ਵੀ ਭਟਕਦੇ ਰਹਿ ਜਾਂਦੇ ਹਨ। ਜਿਵੇਂ ਕਿਸੇ ਦੇਸ਼ ਦਾ ਵੀਜ਼ਾ ਨਕਲੀ ਹੋਵੇ ਜਾਂ ਕੈਂਸਲ ਕਰ ਦਿੱਤਾ ਗਿਆ ਹੋਵੇ। ਇਨ੍ਹਾਂ ਬਾਰੇ ਇੰਝ ਵੀ ਕਹਿ ਸਕਦੇ ਹਾਂ। ਜਿਸ ਤਰ੍ਹਾਂ ਪੁਲਸ ਜਾਂ ਅਦਾਲਤ ਤੋਂ ਦੋਸ਼ੀ ਸਜ਼ਾ ਮਿਲਣ ਦੇ ਡਰ ਕਰਕੇ ਭਗੌੜਾ ਹੋ ਜਾਂਦਾ ਹੈ। ਅਜਿਹਾ ਹੀ ਉਸ ਗਤੀ ਨਾ ਹੋਣ ਵਾਲੇ ਵਿਅਕਤੀ ਬਾਰੇ ਮੰਨਿਆਂ ਜਾ ਸਕਦਾ ਹੈ। ਜਿਸ ਤਰ੍ਹਾਂ ਕਿਸੇ ਭਗੌੜੇ ਮੁਜ਼ਰਮ ਨੂੰ ਨਾ ਫੜਨ ਕਾਰਨ ਪੁਲਸ ਦੀ ਬਦਨਾਮੀ ਹੁੰਦੀ ਹੈ। ਕੀ ਇਸੇ ਤਰ੍ਹਾਂ ਰੱਬ ਦੀ ਬੇ-ਇੱਜ਼ਤੀ ਵਾਲੀ ਗੱਲ ਨਹੀਂ ਹੈ? ਉਹ ਇੱਕੋ ਦੋਸ਼ੀ ਨੂੰ ਫੜ ਕੇ ਧਰਮ ਰਾਜ ਦੀ ਜਾਂ ਆਪਣੀ ਕਚਿਹਰੀ ਵਿੱਚ ਪੇਸ਼ ਕਰਕੇ ਹਿਸਾਬ-ਕਿਤਾਬ ਵੀ ਨਹੀਂ ਲੈ ਸਕਦਾ । ਜਿਸ ਦੇ ਨਾਲ ਹੋਰ ਮੁਜ਼ਰਮਾਂ (ਮਰਨ ਵਾਲਿਆਂ) ਦਾ ਵੀ ਲੇਖਾ-ਜੋਖਾ ਉਲਝ ਜਾਂਦਾ ਹੋਵੇਗਾ। ਉਸ ਨੂੰ ਲੱਭ ਕੇ ਭਗੌੜੇ ਹੋਣ ਦੇ ਦੋਸ਼ ਵਿੱਚ ਕਿਸੇ ਜੇਲ੍ਹ ਵਰਗੇ ਨਰਕ ਵਿੱਚ ਸੁੱਟਣ, ਰੱਖਣ ਦੀ ਤਾਕਤ ਵੀ ਨਹੀਂ ਰੱਖਦਾ 'ਰੱਬ'। ਹੈਰਾਨੀ ਵਾਲੀ ਗੱਲ ਹੈ। ਕੀ ਫਿਰ ਅਜਿਹੇ ਰੱਬ ਨੂੰ ਸਰਬ-ਸ਼ਕਤੀਵਾਨ, ਜਾਣੀ-ਜਾਣ ਮੰਨਿਆ ਜਾਂ ਕਿਹਾ ਜਾ ਸਕਦਾ ਹੈ?

✪ ਇਹ ਵੀ ਧਾਰਨਾ ਬਣੀ ਹੋਈ ਹੈ, ਮੰਨਿਆਂ ਜਾ ਰਿਹਾ ਹੈ ਅਤੇ ਕਿਹਾ ਜਾਂਦਾ ਹੈ 'ਗਰੀਬਾਂ ਦਾ ਰੱਬ ਰਾਖਾ'। ਇਹਦੇ ਨਾਲ ਸਵਾਲ ਪੈਦਾ ਹੋ ਜਾਂਦਾ ਹੈ ਕਿ ਫਿਰ ਅਮੀਰਾਂ ਦਾ ਰਾਖਾ ਕੌਣ ਹੈ? ਅਮੀਰਾਂ ਨੂੰ ਕਿਸੇ ਰੱਬ ਰਾਖੇ ਦੀ ਲੋੜ ਨਹੀਂ ਹੁੰਦੀ। ਉਹ ਆਪਣੀ ਰਾਖੀ ਦਾ ਪ੍ਰਬੰਧ ਆਪ ਕਰ ਲੈਂਦਾ ਹੈ। ਜਿਸ ਦੀ ਲਾਠੀ ਉਸਦੀ ਮੱਝ ਅਤੇ ਤਕੜੇ ਦਾ ਸੱਤੀ ਵੀਹੀਂ ਸੌ ਹੁੰਦਾ ਹੈ। ਪਰ ਗਰੀਬ ਵਿੱਚ ਆਪਣੀ ਰਾਖੀ ਕਰਨ ਜਿੰਨੀ ਹਿੰਮਤ ਨਹੀਂ ਹੁੰਦੀ। ਇਸ ਲਈ ਉਹ ਰੱਬ ਦਾ ਝੂਠਾ ਆਸਰਾ ਤੱਕਦੇ ਰਹਿੰਦੇ ਹਨ। ਪ੍ਰੰਤੂ ਕਦੇ ਵੀ, ਕਿਤੇ ਵੀ, ਰੱਬ ਇੱਕ ਵੀ ਗਰੀਬ ਦੀ ਰੱਖਿਆ ਕਰਨ ਲਈ ਨਹੀਂ ਬਹੁੜਿਆ ਤੇ ਨਾ ਆਉਣਾ ਹੈ।

ਅਮੀਰ ਬਿਮਾਰੀ ਤੋਂ ਸਰੀਰਕ ਰੱਖਿਆ ਲਈ ਹਸਪਤਾਲ ਤੱਕ ਪਹੁੰਚ ਕਰ ਲੈਂਦਾ ਹੈ। ਗਰੀਬ ਮੰਜੇ ਤੇ ਪਿਆ ਤੜਫ਼-ਤੜਫ਼ ਕੇ ਮਰ ਜਾਂਦਾ ਹੈ। ਅਮੀਰ ਆਪਣੀ ਭੁੱਖ ਤਰ੍ਹਾਂ-ਤਰ੍ਹਾਂ ਦੇ ਸੁਆਦੀ ਖਾਣਿਆਂ ਨਾਲ ਪੇਟ ਭਰ ਕੇ ਮਿਟਾ ਲੈਂਦਾ ਹੈ। ਗਰੀਬ ਬਹੁਤੀ ਵਾਰੀ ਭੁੱਖਾ ਸੌਂਦਾ ਹੈ। ਇਸੇ ਤਰ੍ਹਾਂ ਹੋਰ ਅਵਸਥਾਵਾਂ ਵਿੱਚ ਅਮੀਰ ਆਪਣੇ ਆਪ ਤੇ ਨਿਰਭਰ ਹੈ ਪ੍ਰੰਤੂ ਗਰੀਬ ਕਿਸੇ ਰੱਬਾ, ਅੱਲਾ, ਈਸ਼ਵਰ, ਪ੍ਰਭੂ ਤੇ ਟੇਕ ਰੱਖਣ ਲਈ ਬੇ-ਵੱਸ ਹੈ ਪ੍ਰੰਤੂ ਉਹ ਵੀ ਉਸ ਦੀ ਕਿਸੇ ਤਰ੍ਹਾਂ ਦੀ, ਕਿਸੇ ਵੀ ਹਾਲਤ ਵਿੱਚ ਸਹਾਇਤਾ ਨਹੀਂ ਕਰਦਾ।

ਇੱਕ ਪਿੰਡ ਵਿੱਚ ਇੱਕ ਗਰੀਬ ਪਰਿਵਾਰ ਰਹਿੰਦਾ ਸੀ। ਉਨ੍ਹਾਂ ਕੋਲ ਘਰ ਦੀ ਪਾਲੀ ਹੋਈ ਇੱਕ ਝੋਟੀ (ਮੱਝ) ਸੀ। ਜਿਹੜੀ ਕਿ ਸੂਣ ਵਾਲੀ ਸੀ। ਜਿਸ ਤੋਂ ਉਨ੍ਹਾਂ ਨੇ ਬਹੁਤ ਉਮੀਦਾਂ ਰੱਖੀਆਂ ਹੋਈਆਂ ਸਨ। ਪ੍ਰੰਤੂ ਉਸਦੀ ਕਿਸੇ ਬਿਮਾਰੀ ਕਾਰਨ ਮੌਤ ਹੋ ਗਈ। ਉਸ ਪਰਿਵਾਰ ਕੋਲ ਡਾਕਟਰ ਨੂੰ ਦੇਣ ਲਈ ਪੈਸੇ ਤੱਕ ਨਹੀਂ ਸਨ। ਮੱਝ ਦੇ ਮਰਨ ਬਾਰੇ ਖ਼ਬਰ ਸੁਣਨ ਵਾਲੇ ਹਰ ਹਮਦਰਦ ਵਿਅਕਤੀ ਦੀ ਜ਼ੁਬਾਨ ਤੇ ਇਹ ਬੋਲ ਸਨ, 'ਰੱਬ ਵੀ ਗਰੀਬ ਮਾਰ ਕਰਦਾ ਹੈ।"

ਇਸ ਲਈ ਸੋਚਣਾ ਤੇ ਵਿਚਾਰਨਾ ਬਣਦਾ ਹੈ ਕਿ ਗਰੀਬ ਮਾਰ ਕਰਨ ਵਾਲਾ, ਗਰੀਬਾਂ ਦਾ ਰਾਖਾ ਕਿਵੇਂ ਹੋ ਸਕਦਾ ਹੈ?

✪ ਸਮਾਜ ਵਿੱਚ ਇਹ ਵੀ ਵਿਚਾਰ ਪ੍ਰਵਾਨਤ ਹੈ ਕਿ 'ਧੁਰੋਂ ਹੀ ਸੰਯੋਗ' ਲਿਖੇ ਜਾਂਦੇ ਹਨ, ਭਾਵ ਸਵਰਗ ਵਿਚ ਰੱਬ ਵੱਲੋਂ ਤਹਿ ਕੀਤੇ ਜਾਂਦੇ ਹਨ। ਕਿਸ ਔਰਤ ਦਾ ਕਿਸ ਮਰਦ ਨਾਲ ਵਿਆਹ ਹੋਣਾ ਹੈ। ਇੰਝ ਵੀ ਕਿਹਾ ਜਾਂਦਾ ਹੈ 'ਰੱਬ ਨੇ ਬਣਾਈਆਂ ਜੋੜੀਆਂ......।' ਭਾਵ ਰੱਬ ਨੇ ਪਹਿਲਾਂ ਹੀ ਮੁੰਡਿਆਂ-ਕੁੜੀਆਂ ਦੇ ਵਿਆਹ ਸੰਬੰਧ ਨਿਸ਼ਚਤ ਕੀਤੇ ਹੋਏ ਹਨ। ਜਿਸ ਕਰਕੇ ਬੱਚੀ ਭਰੂਣ ਹੱਤਿਆ ਦੇ ਮਾਮਲੇ 'ਚ ਬਹੁਤੀ ਚਿੰਤਾ ਕਰਨ ਦੀ ਲੋੜ ਨਹੀਂ ਸਮਝਣੀ ਚਾਹੀਦੀ। ਇਸ ਲਈ ਮੁੰਡੇ-ਕੁੜੀਆਂ ਦੇ ਅਨੁਪਾਤ ਨੂੰ ਬਰਾਬਰ ਰੱਖਣ, ਕਰਨ ਦੇ ਫ਼ਿਕਰ ਨੂੰ ਬੇਲੋੜਾ ਹੀ ਮੰਨਿਆਂ ਜਾ ਸਕਦਾ ਹੈ।

ਅਸਲ 'ਚ ਬੱਚੀ ਭਰੂਣ ਹੱਤਿਆ ਦਾ ਮਾਮਲਾ ਗਿਣਤੀ, ਅਨੁਪਾਤ ਪੂਰੀ ਕਰਨ ਦਾ ਹੈ ਵੀ ਨਹੀਂ। ਜਿਵੇਂ ਸਮਝਿਆ ਤੇ ਪ੍ਰਚਾਰਿਆ ਜਾ ਰਿਹਾ ਹੈ। ਜਿੰਨੇ ਵੀ ਯਤਨ ਕੀਤੇ ਜਾ ਰਹੇ ਹਨ, ਭਾਵੇਂ ਉਹ ਗਰਭਪਤੀ ਮਾਵਾਂ ਦੀ ਰਜਿਸਟਰੇਸ਼ਨ ਜਾਂ ਡਾਕਟਰਾਂ ਦੀ ਚੈਕਿੰਗ ਹੋਵੇ, ਸਿਰਫ਼ ਅੰਕੜਿਆਂ ਨਾਲ ਹੀ ਸੰਬੰਧਤ ਹਨ। ਜਦੋਂ ਕਿ ਅਖੌਤੀ ਧਰਮਾਂ ਨੇ ਔਰਤ ਨੂੰ ਨੀਚ ਬਣਾਇਆ ਤੇ ਹੋਣ ਦਾ ਅਹਿਸਾਸ ਕਰਵਾਇਆ। ਉਹ ਵਿਚਾਰ ਅੱਜ ਵੀ ਪਵਿੱਤਰ ਮੰਨੇ ਜਾਂਦੇ ਧਰਮ ਗ੍ਰੰਥਾਂ ਦੇ ਪੰਨਿਆਂ ਤੇ ਦਰਜ ਹਨ। ਜਿਨ੍ਹਾਂ ਨੇ ਸਮਾਜ ਦੀ ਸੋਚ ਨੂੰ ਬੱਚੀ ਭਰੂਣ ਹੱਤਿਆ ਕਰਨ ਤੱਕ ਪਹੁੰਚਾਇਆ ਹੈ। ਉਨ੍ਹਾਂ ਬਾਰੇ ਕਦੋਂ ਤੇ ਕੌਣ ਚੁੱਪ ਤੋੜੇਗਾ। ਇਹ ਇੱਕ ਵੱਡਾ ਸਵਾਲ ਹੈ? ਧਰਮ ਗ੍ਰੰਥਾਂ ਤੇ ਕਿੰਤੂ ਕਰਨ ਨਾਲ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗਣ ਦਾ ਮਸਲਾ ਖੜ੍ਹਾ ਹੋ ਸਕਦਾ ਹੈ। ਪ੍ਰੰਤੂ ਔਰਤਾਂ ਦੀਆਂ ਭਾਵਨਾਵਾਂ ਨਾਲ ਜੋ ਸਦੀਆਂ ਤੋਂ ਧਰਮ ਦੇ ਨਾਂ ਤੇ ਖਿਲਵਾੜ ਕੀਤਾ ਜਾ ਰਿਹਾ ਹੈ, ਇਹ ਮਸਲਾ ਕੌਣ ਹੱਲ ਕਰੇਗਾ? ਸਮਾਂ ਜਵਾਬ ਮੰਗਦਾ ਹੈ। ਜਿੰਨਾ ਚਿਰ ਔਰਤਾਂ ਸਬੰਧੀ ਵੱਖ-ਵੱਖ ਧਰਮ ਗ੍ਰੰਥਾਂ ਵਿੱਚ ਦਰਜ ਪਾਬੰਦੀਆਂ ਤੇ ਅਪਮਾਨਜਨਕ ਟਿੱਪਣੀਆਂ ਦਰਜ ਰਹਿਣਗੀਆਂ, ਮੁੰਡੇ-ਕੁੜੀਆਂ ਦੀ ਗਿਣਤੀ ਬਰਾਬਰ ਹੋ ਜਾਣ, ਕਰ ਲੈਣ ਦੇ ਬਾਵਜੂਦ ਮਸਲਾ ਉੱਥੇ ਦਾ ਉੱਥੇ ਰਹੇਗਾ।

ਭਾਵੇਂ ਧੁਰੋਂ ਸੰਯੋਗ ਤੇ ਰੱਬ ਨੇ ਬਣਾਈਆਂ ਜੋੜੀਆਂ ਦੇ ਵਿਚਾਰਾਂ ਨੂੰ ਕਿਹਾ

ਤੇ ਮੰਨਿਆਂ ਜਾਂਦਾ ਹੈ। ਪ੍ਰੰਤੂ ਜਦੋਂ ਕੋਈ ਮੁੰਡਾ-ਕੁੜੀ ਕਿਸੇ ਦੂਜੇ ਧਰਮ ਜਾਂ ਖ਼ਾਸ ਤੌਰ ਤੇ ਜਾਤ ਵਿੱਚ ਆਪਣਾ ਵਿਆਹ ਕਰਨ ਦੀ ਗੱਲ ਹੀ ਕਰਦਾ ਹੈ ਤਾਂ ਓਦੋਂ ਹੀ ਝਗੜਾ ਖੜ੍ਹਾ ਹੋ ਜਾਂਦਾ ਹੈ। ਰੱਬ ਦੇ ਹੁਕਮਾਂ ਮੁਤਾਬਕ 'ਧੁਰੋਂ ਲਿਖੇ ਸੰਯੋਗ' ਕਹਿਣ ਵਾਲੇ ਰੱਬ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੇ ਹਨ। ਜੇਕਰ ਮੁੰਡਾ-ਕੁੜੀ ਵਿਰੋਧੀ ਜਾਤ ਵਿੱਚ ਮਰਜ਼ੀ ਨਾਲ ਵਿਆਹ ਕਰਵਾ ਲੈਣ ਤਾਂ ਰੱਬ ਨੇ ਬਣਾਈਆਂ ਜੋੜੀਆਂ ਕਹਿਣ ਵਾਲਾ ਸਾਰਾ ਸਮਾਜ, ਉਸ ਜੋੜੀ ਦੇ ਲਿਖੇ ਸੰਯੋਗ, ਰੱਬ ਦੇ ਫੈਸਲੇ ,ਕਰਮ ਨੂੰ ਚੰਗਾ ਨਹੀਂ ਸਮਝਦਾ ਤੇ ਨਾ ਮੰਨਦਾ ਹੈ।

ਐਪਰ ਕੋਈ ਵੀ ਹੋਵੇ ਜਿਹੜਾ ਚੰਗੇ ਕਰਮ ਨਹੀਂ ਕਰਦਾ, ਖ਼ਾਸ ਕਰਕੇ ਤੁਹਾਡੀ ਪਸੰਦ ਦੇ, ਕੀ ਫਿਰ ਉਸਨੂੰ ਚੰਗਾ ਕਿਹਾ ਜਾ ਸਕਦਾ ਹੈ? ਜਿਹੜਾ ਮਾੜਾ ਹੈ, ਨਿਕੰਮਾ, ਘਟੀਆ ਹੈ। ਕੀ ਉਸ ਦੇ ਨਾਲ ਸੰਬੰਧ ਰੱਖੇ ਜਾਣੇ ਚਾਹੀਦੇ ਹਨ? ਉਸ ਦੀ ਪੂਜਾ ਕਰਨੀ ਬਣਦੀ ਹੈ?

✪ ਸਮਾਜਿਕ ਅਤੇ ਧਾਰਮਿਕ ਸਮਾਗਮਾਂ ਤ ਕਿਹਾ, ਸਮਝਿਆ ਤੇ ਪ੍ਰਚਾਰਿਆ ਜਾਂਦਾ ਹੈ ਕਿ ਮਨੁੱਖਾ ਜੀਵਨ ਦੁਰਲੱਭ ਹੈ। ਇਹ ਚੌਰਾਸੀ ਲੱਖ ਜੂਨਾਂ ਨੂੰ ਭੋਗਣ ਤੋਂ ਬਾਅਦ ਚੰਗੇ ਕਰਮ ਕਰਨ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ। ਜਦੋਂ ਕਿ ਪਸ਼ੂ ਜਗਤ ਤੇ ਮਨੁੱਖ ਜਾਤੀ ਦੇ ਇਸ ਸਮੇਂ ਤੱਕ ਲਗਭਗ ਡੇਢ ਕਰੋੜ ਜੀਵਾਂ ਦੀ ਵਿਗਿਆਨੀ ਪਛਾਣ ਕਰ ਚੁੱਕੇ ਹਨ। ਮੰਨਿਆ ਜਾਂਦਾ ਹੈ ਕਿ ਇਹ ਜੂਨ ਸਿਰਫ਼ 'ਨਾਮ' (ਰੱਬ ਦਾ ਨਾਮ) ਜਪਣ ਖਾਤਰ ਹੀ ਮਿਲਦੀ ਹੈ। ਜਿਹੜੇ ਇਸ ਨੂੰ ਅਜਾਈਂ ਗਵਾ ਦਿੰਦੇ ਹਨ, ਉਹ ਮੁੜ ਚੌਰਾਸੀ ਦੇ ਚੱਕਰ ਵਿੱਚ ਪੈ ਜਾਂਦੇ ਹਨ। ਮਨੁੱਖ ਜਦੋਂ ਮਾਂ ਦੇ ਗਰਭ ਵਿੱਚ ਹੁੰਦਾ ਹੈ। ਉਸ ਸਮੇਂ ਪੁੱਠਾ ਲਟਕ ਰਿਹਾ ਹੁੰਦਾ ਹੈ। ਜਦੋਂ ਕਿ ਕੁਦਰਤੀ ਅਤੇ ਡਾਕਟਰੀ ਵਿਗਿਆਨ ਮੁਤਾਬਕ ਸਿੱਧਾ ਮੰਨਿਆਂ ਜਾਂਦਾ ਹੈ। ਤਦ ਰੱਬ ਨੂੰ ਬੇਨਤੀਆਂ ਕਰਦਾ ਹੋਇਆ ਇਕਰਾਰ ਕਰਦਾ ਹੈ ਕਿ ਮੈਨੂੰ ਇਸ ਨਰਕ-ਕੁੰਡ ਵਿੱਚੋਂ ਬਾਹਰ ਕੱਢ ਲੈ, ਮੈਂ ਤੇਰਾ ਨਾਮ ਜਪਾਂਗਾ। ਐਪਰ ਗਰਭ ਵਿਚ ਬੱਚੇ ਦਾ ਦਿਮਾਗ਼ ਐਨਾ ਵਿਕਸਤ ਨਹੀਂ ਹੋਇਆ ਹੁੰਦਾ ਕਿ ਉਹ ਅਜਿਹੀਆਂ ਗੱਲਾਂ ਸੋਚ-ਵਿਚਾਰ ਸਕੇ। (ਜੀਵਨ ਦਾਨ ਦੇਣ ਵਾਲੇ ਅੰਗ ਨੂੰ ਨਰਕ-ਕੁੰਡ ਦਾ ਨਾਂ ਦੇਣਾ ਉਸਦਾ ਅਪਮਾਨ ਕਰਨ ਤੁੱਲ ਹੈ।)

ਕਿਹਾ ਜਾਂਦਾ ਹੈ ਮਾਤ-ਲੋਕ ਵਿੱਚ ਆ ਕੇ, ਰੱਬ ਨਾਲ ਕੀਤੇ ਇਕਰਾਰ ਨੂੰ ਭੁੱਲ ਕੇ, ਮਨੁੱਖ-ਮੋਹ ਮਾਇਆ ਦੇ ਚੱਕਰ ਵਿੱਚ ਪੈ ਜਾਂਦਾ ਹੈ। ਰੱਬ ਦੇ 'ਨਾਮ' ਜਪਣ ਦਾ ਕਾਰਜ ਮਨੋਂ ਵਿਸਾਰ ਦਿੰਦਾ ਹੈ।

ਪ੍ਰੰਤੂ ਜਦੋਂ ਮੰਨਿਆ ਜਾਂਦਾ ਹੈ ਕਿ ਰੱਬ ਦੇ ਹੁਕਮ ਬਿਨਾਂ ਇੱਥੇ ਕੁਝ ਵੀ ਨਹੀਂ ਹੋ ਸਕਦਾ ਹੈ। ਫਿਰ ਮਨੁੱਖ ਦੀ ਕੀ ਹਿੰਮਤ, ਮਜ਼ਾਲ ਕਿ ਉਹ 'ਨਾਮ' ਨਾ ਜਪੇ। ਇਹ ਵੀ ਕਿਹਾ ਜਾਂਦਾ ਹੈ ਕਿ ਜਿਸ ਤੇ ਉਸ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ, ਉਹ ਹੀ 'ਨਾਮ' ਜਪ

ਸਕਦਾ ਹੈ। ਇਹ ਵੀ ਪ੍ਰਚਾਰਿਆ ਜਾਂਦਾ ਹੈ ਕਿ ਮਨੁੱਖ ਲਈ 'ਨਾਮ' ਜਪਣਾ ਬਹੁਤ ਜ਼ਰੂਰੀ ਹੈ। ਜਿਹੜਾ ਵਿਅਕਤੀ 'ਨਾਮ' ਨਹੀਂ ਜਪਦਾ ਉਸ ਨੂੰ ਨਰਕ ਭੋਗਣੇ ਪੈਂਦੇ ਹਨ, ਯਮਾਂ ਦੀ ਮਾਰ ਸਹਿਣੀ ਪੈਂਦੀ ਹੈ। ਸਵਾਲ ਤਾਂ ਇਹ ਹੈ, ਜਦੋਂ ਉਹ ਕ੍ਰਿਪਾ ਦ੍ਰਿਸ਼ਟੀ ਹੀ ਨਹੀਂ ਕਰ ਰਿਹਾ, ਫਿਰ ਕੋਈ 'ਨਾਮ' ਕਿਵੇਂ ਜਪੇ? ਦੱਸੋ ਭਲਾ ਮਨੁੱਖ ਦਾ ਕੀ ਕਸੂਰ?

ਇੰਜ ਵੀ ਕਿਹਾ ਜਾਂਦਾ ਹੈ ਕਿ ਮਨੁੱਖ ਰੱਬ ਨੂੰ ਸਿਰਫ਼ ਦੁੱਖ ਵੇਲੇ ਹੀ ਯਾਦ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਦੁੱਖ ਵੇਲੇ ਹੀ 'ਨਾਮ' ਜਪਦਾ ਹੈ। ਉਂਝ ਤਾਂ ਸੰਸਾਰਕ ਕੰਮਾਂ ਵਿੱਚ ਮਗਨ ਰਹਿੰਦਾ ਹੈ; ਧਿਆਨ ਲਗਾਈ ਰੱਖਦਾ ਹੈ ਜੇਕਰ 'ਰੱਬ ਦਾ ਨਾਮ' ਜਪਣਾ ਬਹੁਤ ਜ਼ਰੂਰੀ ਹੈ ਤੇ ਮਨੁੱਖ ਦੁੱਖ ਵੇਲੇ ਹੀ 'ਨਾਮ' ਜਪਦਾ ਹੈ। ਫਿਰ ਤਾਂ ਉਹ ਦੁਖੀ ਰਹੇ ਤਦ ਹੀ ਚੰਗਾ ਹੈ ਤਾਂ ਹੀ ਜ਼ਿੰਦਗੀ ਦਾ ਮੁੱਖ ਮਕਸਦ 'ਨਾਮ' ਜਪਣਾ ਸਫ਼ਲ ਹੋ ਸਕੇਗਾ। ਜਿਸ ਨਾਲ ਸਵਰਗ ਦੀ ਪ੍ਰਾਪਤੀ ਹੋਵੇਗੀ ਅਤੇ ਚੌਰਾਸੀ ਦੇ ਚੱਕਰ ਤੋਂ ਛੁਟਕਾਰਾ ਮਿਲੇਗਾ।

ਇੰਝ ਤਾਂ ਫਿਰ ਸੁਖੀ ਹੋਣ ਲਈ ਕੀਤੀਆਂ ਜਾਣ ਵਾਲੀਆਂ ਆਰਤੀਆਂ, ਅਰਦਾਸਾਂ, ਡੰਡਾਉਤਾਂ, ਬੇਨਤੀਆਂ ਆਪਣੇ ਹੀ ਵਿਰੁੱਧ ਭੁਗਤਣ ਵਾਲੇ ਕਾਰਜ ਮੰਨਣੇ ਪੈਣਗੇ। ਕਿਉਂਕਿ ਇਨ੍ਹਾਂ ਦੇ ਪੂਰੀਆਂ ਹੋ ਜਾਣ ਦੀ ਹਾਲਤ ਵਿੱਚ 'ਰੱਬ ਦਾ ਨਾਮ' ਵਿਸਰ ਜਾਵੇਗਾ। ਕੀ ਇਸ ਤਰ੍ਹਾਂ ਚੌਰਾਸੀ ਦੇ ਚੱਕਰ ਵਿੱਚ ਪੈਣ ਅਤੇ ਨਰਕਾਂ 'ਚ ਜਾਣ ਲਈ ਰਾਹ ਪੱਧਰਾ ਨਹੀਂ ਹੋ ਜਾਵੇਗਾ? ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੇ ਇਨ੍ਹਾਂ ਲੋਕਾਂ ਨੂੰ ਕੀ ਨਾਂ ਦਿੱਤਾ ਜਾਵੇ? ਇਹ ਵੀ ਦੱਸਣਾ।

ਉਪਰੋਕਤ ਜਿਹੇ ਹੋਰ ਅਨੇਕਾਂ ਵਿਚਾਰਾਂ ਦੀ ਜ਼ਿੰਦਗੀ ਵਿੱਚ ਨਿੱਤ ਵਰਤੋਂ ਕੀਤੀ ਜਾ ਰਹੀ ਹੈ। ਜਿਨ੍ਹਾਂ ਦਾ ਸਿਰਾ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਅਧੂਰੀ ਸੋਚ, ਸਮਝ ਵਾਲੇ ਅਜਿਹੇ ਵਿਚਾਰਾਂ, ਮਨੌਤਾਂ, ਮਿੱਥਾਂ, ਕਹਾਵਤਾਂ, ਰਸਮਾਂ-ਰਿਵਾਜ਼ਾਂ ਦੇ ਚੱਕਰ ਵਿੱਚ ਆਮ ਵਿਅਕਤੀ ਆਪਣਾ ਜੀਵਨ ਪੂਰਾ ਕਰ ਜਾਂਦਾ ਹੈ। ਕੀ ਤੁਸੀਂ ਵੀ ਪਹਿਲਾਂ ਮਰ-ਮੁੱਕ ਚੁੱਕੇ ਲੋਕਾਂ ਵਾਂਗ ਆਪਣਾ ਅਮੁੱਲਾ ਜੀਵਨ ਇੰਝ ਹੀ ਲਕੀਰ ਦੇ ਫ਼ਕੀਰ ਬਣ ਕੇ ਪੂਰਾ ਕਰ ਜਾਓਗੇ ਜਾਂ ਇਸ ਤਰ੍ਹਾਂ ਦੇ ਵਿਚਾਰਾਂ ਦੀ ਸੋਚ, ਸਮਝ ਦਾ ਅਸਲ ਸਿਰਾ ਲੱਭ ਕੇ ਜ਼ਿੰਦਗੀ ਨੂੰ ਸਹੀ ਮੰਜ਼ਿਲ (ਮਾਨਵਤਾ) ਵੱਲ ਤੋਰਨ ਲਈ ਆਪਣਾ ਯੋਗਦਾਨ ਪਾਓਗੇ?

ਇਸ ਪੁਸਤਕ ਨੂੰ ਤੁਹਾਡੇ ਤੱਕ ਪਹੁੰਚਾਉਣ ਵਾਲੇ ਸਹਿਯੋਗੀਆਂ ਦਾ ਧੰਨਵਾਦ।

-ਜਸਵੀਰ ਸਿੰਘ ਮੋਰੋਂ

ਤਰਤੀਬ

ਨਾਮ

"ਨਾਮ" ਇਸਦਾ ਸੰਸਕ੍ਰਿਤ ਰੂਪ ਹੈ 'ਨਾਮਨ', ਧਾਤੂ ਹੈ "ਮਾ" =ਯਾਦ ਰੱਖਣਾ, ਯਾਦ ਕਰਨਾ। "ਨਾਮਨ ਤੋਂ ਪ੍ਰਾਕ੍ਰਿਤ ਤੇ ਪੰਜਾਬੀ ਰੂਪ ਹੈ 'ਨਾਮ'। ਇਸ ਦਾ ਫ਼ਾਰਸੀ ਰੂਪ ਵੀ ਨਾਮ ਹੀ ਹੈ ਤੇ ਅੰਗਰੇਜ਼ੀ ਰੂਪ 'ਨੇਮ' (Name) ਹੈ।

ਨਾਂ, ਨਾਮ, ਨਾਂਵ, ਨਾਂਉ ਸ਼ਬਦ ਸਮਅਰਥੀ ਹਨ।

ਨਾਮ ਕੀ ਹੈ?

ਕਿਸੇ ਵਿਅਕਤੀ ਜੀਵ, ਥਾਂ, ਵਸਤੂ, ਹਾਲਾਤ, ਭਾਵ, ਕੰਮ ਆਦਿ ਦੇ ਨਾਂ ਲਈ ਵਰਤੇ ਜਾਂਦੇ ਸ਼ਬਦ ਨੂੰ ਨਾਮ ਕਿਹਾ ਜਾਂਦਾ ਹੈ। ਜਿਵੇਂ ਜੋਗਿੰਦਰ, ਮੱਝ, ਜਲੰਧਰ, ਕਲਮ, ਗਰੀਬੀ, ਟੀਮ, ਰੇਤ ਆਦਿ।

1. ਨਿੱਜ ਵਾਚਕ ਨਾਮ-ਜਿਹੜੇ ਸ਼ਬਦ ਤੋਂ ਸਾਨੂੰ ਕਿਸੇ ਖ਼ਾਸ ਵਿਅਕਤੀ, ਖ਼ਾਸ ਜੀਵ, ਖ਼ਾਸ ਥਾਂ ਜਾਂ ਖ਼ਾਸ ਵਸਤੂ ਦਾ ਗਿਆਨ ਹੁੰਦਾ ਹੈ, ਉਸ ਨੂੰ ਨਿੱਜ ਵਾਚਕ ਨਾਮ ਆਖਦੇ ਹਨ। ਜਿਵੇਂ ਗੁਰਮੀਤ, ਜਲੰਧਰ, ਸਤਲੁਜ। ਨਿੱਜ ਵਾਚਕ ਨਾਮ ਨੂੰ ਖ਼ਾਸ ਨਾਮ ਵੀ ਕਹਿੰਦੇ ਹਨ।

2. ਜਾਤੀ ਵਾਚਕ ਨਾਮ-ਜਿਹੜੇ ਸ਼ਬਦਾਂ ਤੋਂ ਜੀਵਾਂ ਅਤੇ ਗਿਣਨਯੋਗ ਵਸਤੂਆਂ ਦੀ ਸਾਰੀ ਸ਼੍ਰੇਣੀ ਜਾਂ ਜਾਤੀ ਅਤੇ ਉਸ ਸ਼੍ਰੇਣੀ ਦੇ ਹਰੇਕ ਜੀਵ ਵਸਤੂ ਦਾ ਗਿਆਨ ਹੋਵੇ, ਉਸ ਨੂੰ ਜਾਤੀ ਵਾਚਕ ਨਾਮ ਕਹਿੰਦੇ ਹਨ। ਜਿਵੇਂ ਮਨੁੱਖ, ਪਸ਼ੂ, ਸ਼ਹਿਰ ਪੁਸਤਕ ਆਦਿ। ਜਾਤੀ ਵਾਚਕ ਨਾਮ ਨੂੰ ਆਮ ਨਾਮ ਵੀ ਕਿਹਾ ਜਾਂਦਾ ਹੈ।

3. ਸਮੂਹ ਵਾਚਕ ਨਾਮ-ਜਿਹੜਾ ਸ਼ਬਦ ਵਿਅਕਤੀਆਂ, ਜੀਵਾਂ ਜਾਂ ਗਿਣੀਆਂ ਜਾਣ ਵਾਲੀਆਂ ਵਸਤਾਂ ਦੇ ਇਕੱਠ ਜਾਂ ਸਮੂਹ ਲਈ ਵਰਤਿਆ ਜਾਵੇ, ਉਸ ਨੂੰ ਸਮੂਹ ਵਾਚਕ ਨਾਮ ਕਿਹਾ ਜਾਂਦਾ ਹੈ। ਜਿਵੇਂ-ਫੌਜ, ਟੀਮ, ਜਥਾ, ਜੰਞ, ਟੋਲੀ, ਹੇੜ ਆਦਿ। ਸਮੂਹ ਵਾਚਕ ਨਾਮ ਨੂੰ ਇਕੱਠ ਵਾਚਕ ਨਾਮ ਵੀ ਕਿਹਾ ਜਾਂਦਾ ਹੈ।

4. ਪਦਾਰਥ ਵਾਚਕ ਨਾਮ-ਜਿਹੜੇ ਸ਼ਬਦ ਤੋਂ ਕਿਸੇ ਤੋਲੇ, ਮਿਣੇ ਜਾ ਸਕਣ ਵਾਲੇ ਪਦਾਰਥ ਦਾ ਗਿਆਨ ਹੋਵੇ, ਉਸ ਨੂੰ ਪਦਾਰਥ ਵਾਚਕ ਨਾਮ ਕਿਹਾ ਜਾਂਦਾ ਹੈ। ਜਿਵੇਂ-ਰੇਤ, ਪੱਥਰ, ਸ਼ੱਕਰ, ਪਾਣੀ, ਤੇਲ, ਸੋਨਾ ਆਦਿ। ਪਦਾਰਥ ਵਾਚਕ ਨਾਮ ਨੂੰ ਵਸਤਵਾਚਕ ਨਾਮ ਵੀ ਕਿਹਾ ਜਾਂਦਾ ਹੈ।

5. ਭਾਵ ਵਾਚਕ ਨਾਮ-ਜਿਹੜੇ ਸ਼ਬਦ ਤੋਂ ਕਿਸੇ ਹਾਲਾਤ, ਭਾਵ ਆਦਿ ਦਾ ਗਿਆਨ ਹੋਵੇ। ਉਸਨੂੰ ਭਾਵ ਵਾਚਕ ਨਾਮ ਕਿਹਾ ਜਾਂਦਾ ਹੈ। ਜਿਵੇਂ- ਗੁਲਾਮੀ, ਗ਼ਰੀਬੀ, ਸੁੰਦਰਤਾ, ਸਿਹਤ, ਖੁਸ਼ੀ, ਪੀੜ, ਬਚਪਨ, ਬੁਢੇਪਾ, ਵਫ਼ਾਦਾਰੀ ਆਦਿ।

ਨਾਮ ਬਨਾਮ ਦਾਨ

ਦਾਨ ਅਤੇ ਦਾਤ ਦੇ ਅਰਥ ਹਨ-ਉਪਹਾਰ, ਸੌਗਾਤ, ਖ਼ੈਰਾਤ, ਉਦਾਰਤਾ, ਪੁੰਨ, ਬਖਸ਼ੀਸ। ਕੋਈ ਵੀ ਦਾਨ ਦਿੱਤੀ ਹੋਈ ਚੀਜ਼-ਵਸਤੂ ਉਸ ਦੀ ਹੋ ਜਾਂਦੀ ਹੈ, ਜਿਸ ਕਿਸੇ ਨੂੰ ਦੇ ਦਿੱਤੀ ਜਾਵੇ। ਉਪਰੰਤ ਦਾਨ ਦੇਣ ਵਾਲੇ ਦਾ ਉਸ ਤੇ ਕੋਈ ਅਧਿਕਾਰ ਨਹੀਂ ਹੁੰਦਾ। ਉਹ ਉਸ ਵਸਤੂ ਦੀ ਵਰਤੋਂ ਆਪਣੀ ਮਰਜ਼ੀ ਮੁਤਾਬਕ ਕਰ ਸਕਦਾ ਹੈ ਅਤੇ ਹੋਰ ਕਿਸੇ ਨੂੰ ਵੀ ਦੇਣ ਦਾ ਹੱਕਦਾਰ ਹੁੰਦਾ ਹੈ।

ਕਹਿੰਦੇ ਹਨ ਕਿ ਸੜਕ ਤੇ ਪਏ ਠੰਢ ਵਿੱਚ ਠੁਰ-ਠੁਰ ਕਰਦੇ ਗਰੀਬ ਉੱਪਰ ਤਰਸ ਕਰਕੇ ਇੱਕ ਵਿਅਕਤੀ ਨੇ ਉਸਨੂੰ ਕੰਬਲ ਦਾਨ ਦੇ ਦਿੱਤਾ। ਪ੍ਰੰਤੂ ਉਸਦੇ ਸਾਹਮਣੇ ਉਦੋਂ ਹੀ ਉਸ ਗਰੀਬ ਵਿਅਕਤੀ ਨੇ ਉਹ ਕੰਬਲ, ਇੱਕ ਹੋਰ ਠੰਢ ਵਿੱਚ ਬੱਚੇ ਸਮੇਤ ਠਰਦੇ ਵਿਅਕਤੀ ਉੱਪਰ ਪਾ ਦਿੱਤਾ। ਉਸ ਸਮੇਂ ਕੰਬਲ ਦਾਨ ਦੇਣ ਵਾਲੇ ਵਿਅਕਤੀ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਕਿਹਾ, "ਕਿ ਤੁਸੀਂ ਕੰਬਲ ਮੈਨੂੰ ਦਾਨ ਕਰ ਦਿੱਤਾ ਹੈ। ਉਹ ਮੇਰਾ ਹੈ, ਉਸ ਤੇ ਹੁਣ ਤੁਹਾਡਾ ਕੋਈ ਅਧਿਕਾਰ ਨਹੀਂ ਰਿਹਾ।" ਜਿਵੇਂ ਤੁਹਾਨੂੰ ਚੰਗਾ ਲੱਗਾ, ਤੁਸੀਂ ਕਰ ਚੁੱਕੇ ਹੋ? ਹੁਣ ਜਿਸ ਤਰ੍ਹਾਂ ਮੈਨੂੰ ਚੰਗਾ ਲੱਗਿਆ ਮੈਂ ਕਰ ਦਿੱਤਾ ਹੈ।

ਇੰਝ ਹੀ 'ਨਾਮ' ਦੇ ਦਾਨ, 'ਨਾਮ ਦੀ ਦਾਤ' ਦੇਣ ਦੇ ਸੰਬੰਧ ਵਿੱਚ ਕੀਤਾ ਜਾ ਰਿਹਾ ਹੈ, ਹੋ ਰਿਹਾ ਹੈ। 'ਨਾਮ' ਦਾ ਦਾਨ ਦੇ ਕੇ ਫਿਰ ਵੀ ਉਸ ਤੇ ਹੱਕ ਜਿਤਾਇਆ, ਦਰਸਾਇਆ ਜਾ ਰਿਹਾ ਹੈ। ਜਿਵੇਂ ਉਪਰੋਕਤ ਘਟਨਾ ਵਿੱਚ ਕੰਬਲ ਦੇਣ ਵਾਲੇ ਦਾਨੀ ਵੱਲੋਂ ਦਾਨ ਦੇਣ ਉਪਰੰਤ ਵੀ ਇਸ ਵਿਅਕਤੀ ਨੂੰ ਰੋਕਣ ਦਾ ਯਤਨ ਕੀਤਾ ਗਿਆ। ਪ੍ਰੰਤੂ ਇੱਥੇ ਤਾਂ ਇਸ ਮਾਮਲੇ ਵਿੱਚ ਰੋਕਿਆ ਹੀ ਨਹੀਂ ਜਾ ਰਿਹਾ, ਸਗੋਂ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ। ਨਾਮ-ਦਾਨ (ਨਾਮ-ਸ਼ਬਦ) ਬਾਰੇ ਕਿਸੇ ਹੋਰ ਨੂੰ ਦੱਸਣ ਤੇ ਸਵਰਗ ਦਾ ਵੀਜ਼ਾ ਕੈਂਸਲ ਅਤੇ ਨਰਕ ਦੇ ਕਿਸੇ ਸਖ਼ਤ, ਔਖੇ, ਮਾੜੇ, ਨਿਕੰਮੇ, ਦੁੱਖਦਾਈ, ਤਸੀਹਾ ਕੇਂਦਰ ਵਿੱਚ ਸੁੱਟ ਦੇਣ ਦੀ ਸਜ਼ਾ ਮਿਲਣ ਦੀ ਗੱਲ ਸ਼ਰਧਾਲੂਆਂ ਦੇ ਮਨ ਵਿੱਚ ਬਿਠਾਈ ਹੋਈ ਹੈ। ਜਿਸ ਕਾਰਨ ਸ਼ਰਧਾਲੂ ਡਰਦੇ ਮਾਰੇ 'ਨਾਮ-ਦਾਨ' ਦੇ ਸ਼ਬਦ, ਅੱਖਰ ਕਿਸੇ ਨੂੰ ਦੱਸਣੇ ਤਾਂ ਕੀ ਬੋਲ ਕੇ ਵੀ ਨਹੀਂ ਜਪਦੇ ਤਾਂ ਕਿ ਕਿਸੇ ਨੂੰ ਜਾਣੇ-ਅਣਜਾਣੇ ਦੱਸ ਨਾ ਹੋ ਜਾਵੇ, ਪਤਾ ਨਾ ਲੱਗ ਜਾਵੇ। ਜਿਸ ਦੇ ਕਾਰਨ ਨਰਕਾਂ ਦਾ ਭਾਗੀ ਨਾ ਬਣਨਾ ਪਵੇ।

ਪ੍ਰੰਤੂ ਸਾਰੇ ਜਾਣਦੇ ਹਨ ਕਿ ਚੰਗੀ ਗੱਲ ਹਰ ਕੋਈ ਹਰੇਕ ਨੂੰ ਦੱਸਣ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ। ਪਰ ਘਟੀਆ, ਮਾੜੀ ਗੱਲ ਹੋਵੇ ਤਾਂ ਉਹ ਸਾਰਿਆਂ ਤੋਂ ਲੁਕਾਈ ਜਾਂਦੀ ਹੈ। ਕੀ 'ਨਾਮ-ਦਾਨ' (ਨਾਮ-ਸ਼ਬਦ) ਅਜਿਹੀ ਕੋਈ ਘਟੀਆ ਗੱਲ

ਹੈ। ਜੋ ਦੱਸਣ ਤੋਂ ਸ਼ਰਮ ਮਹਿਸੂਸ ਕੀਤੀ ਜਾ ਰਹੀ ਹੈ। ਜੇਕਰ ਅਜਿਹਾ ਨਹੀਂ ਤਾਂ ਭੇਦ ਕੀ ਹੈ? ਇਸ ਦਾ ਅਸਲ ਰਾਜ ਇਹ ਹੈ ਕਿ ਸੰਤ, ਬਾਬਿਆਂ ਡੇਰੇਦਾਰਾਂ ਵੱਲੋਂ ਆਪਣੀ ਅਹਿਮੀਅਤ ਵਧਾਉਣ, ਉੱਚਾ ਅਤੇ ਸਲਾਮਤ ਰੱਖਣ ਦੀ ਘੁੰਡੀ ਹੈ। ਜੇਕਰ 'ਨਾਮ-ਦਾਨ' ਦੇਣ ਦਾ ਅਧਿਕਾਰ ਡੇਰੇ ਤੋਂ ਬਾਹਰ ਦੇ ਦਿੱਤਾ ਜਾਵੇ ਜਾਂ ਸ਼ਰਧਾਲੂ ਆਪਣੀ ਮਰਜ਼ੀ ਨਾਲ ਲੋਕਾਂ ਨੂੰ 'ਨਾਮ-ਸ਼ਬਦ' ਦੱਸਣ ਦੇ ਅਧਿਕਾਰੀ ਬਣ ਜਾਣ। ਫਿਰ ਡੇਰੇ ਅਤੇ ਇਨ੍ਹਾਂ ਦੀ ਮਹਾਨਤਾ, ਵੁੱਕਤ, ਚੌਧਰ ਦਾ ਘਟ ਜਾਣਾ ਯਕੀਨੀ ਹੈ। ਉਹ ਨਹੀਂ ਚਾਹੁੰਦੇ ਕਿ ਅਜਿਹੀ ਕੋਈ ਖੁੱਲ੍ਹ ਦਿੱਤੀ ਜਾਵੇ। ਜਿਸ ਨਾਲ ਇਨ੍ਹਾਂ ਦੀ ਮਹਾਨਤਾ, ਚੌਧਰ ਵਿੱਚ ਕੋਈ ਫ਼ਰਕ ਪਵੇ।

ਐਪਰ ਨਾਮ ਦੀ ਦਾਤ 'ਨਾਮ-ਦਾਨ' (ਨਾਮ ਸ਼ਬਦ) ਪ੍ਰਾਪਤ ਕਰਨ ਦੀ ਦੌੜ ਹਰ ਪਾਸੇ ਲੱਗੀ ਹੋਈ ਹੈ। ਇਸ ਦੌੜ ਵਿੱਚ ਜਿਹੜੇ ਸਫ਼ਲ ਹੋ ਗਏ ਹਨ ਭਾਵ ਜਿਨ੍ਹਾਂ ਨੇ 'ਨਾਮ' ਦਾ ਦਾਨ ਪ੍ਰਾਪਤ ਕਰ ਲਿਆ ਹੈ। ਉਹ ਦੂਸਰੇ ਵਿਅਕਤੀਆਂ ਤੋਂ ਆਪਣੇ-ਆਪ ਨੂੰ ਸ਼੍ਰੇਸ਼ਟ ਸਮਝਣ ਲੱਗ ਜਾਂਦੇ ਹਨ। ਆਪਣੇ ਨੇੜਲੇ ਰਿਸ਼ਤੇਦਾਰ, ਮਿੱਤਰਾਂ, ਸਹਿਯੋਗੀਆਂ ਨੂੰ ਵੀ ਸਿੱਖਿਆ ਦੇਣੀ ਸ਼ੁਰੂ ਕਰ ਦਿੰਦੇ ਹਨ। ਤੁਸੀਂ ਵੀ ਨਾਮ-ਦਾਨ/ ਨਾਮ ਦੀ ਦਾਤ ਪ੍ਰਾਪਤ ਕਰਕੇ ਆਪਣੇ ਜੀਵਨ ਦਾ ਅਸਲ ਮਕਸਦ ਪੂਰਾ ਕਰ ਲਵੋ। ਸਾਰੇ ਜਾਣਦੇ ਹਨ ਜਿਹੜੀ ਚੀਜ਼/ਵਸਤ ਕਿਸੇ ਨੂੰ ਦਾਨ ਦੇ ਦਿੱਤੀ ਜਾਵੇ, ਪ੍ਰਾਪਤ ਕਰਤਾ ਦੀ ਮਾਲਕੀ ਅਧੀਨ ਹੋ ਜਾਂਦੀ ਹੈ। ਪ੍ਰੰਤੂ ਨਾਮ-ਦਾਨ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੈ।

ਸੰਤਾਂ, ਬਾਬਿਆਂ, ਡੇਰੇਦਾਰਾਂ, ਧਰਮ ਪ੍ਰਚਾਰਕਾਂ, ਧਰਮਾਂ ਵਾਲਿਆਂ ਨੇ ਇੰਝ ਦਾਨ ਦੇ ਅਰਥ ਹੀ ਬਦਲ ਦਿੱਤੇ ਹਨ। ਜਦੋਂ 'ਨਾਮ-ਦਾਨ' (ਨਾਮ-ਸ਼ਬਦ) ਕਿਸੇ ਨੂੰ ਦੱਸਣਾ ਭਾਵ ਦੇਣਾ ਮਨ੍ਹਾਂ ਹੈ। ਫਿਰ ਇਸਨੂੰ 'ਨਾਮ-ਦਾਨ' ਜਾਂ 'ਨਾਮ ਦੀ ਦਾਤ' ਨਹੀਂ ਕਿਹਾ ਜਾ ਸਕਦਾ, ਨਾ ਮੰਨਿਆਂ ਜਾ ਸਕਦਾ ਹੈ। ਜਿਹੜਾ ਵਿਅਕਤੀ ਦਾਨ ਦੇ ਕੇ, ਫਿਰ ਵੀ ਉਸ ਉਪਰ ਆਪਣਾ ਹੱਕ ਜਿਤਾ ਰਿਹਾ ਹੋਵੇ, ਰੱਖਦਾ ਹੋਵੇ, ਉਸਨੂੰ ਧੋਖੇਬਾਜ਼, ਪਾਖੰਡੀ, ਦੰਭੀ, ਮੱਕਾਰ, ਮੋਮੋਠਗਣਾ ਆਦਿ ਵਿਸ਼ੇਸ਼ਣਾਂ ਨਾਲ ਸ਼ਾਇਦ ਸੰਬੋਧਿਤ ਕੀਤਾ ਜਾ ਸਕਦਾ ਹੈ।

ਧਾਰਮਿਕ ਸਮਾਗਮ ਦੌਰਾਨ ਪ੍ਰਚਾਰਿਆ ਤਾਂ ਇਹ ਜਾਂਦਾ ਹੈ ਕਿ ਦਾਨ ਦੇਣ ਨਾਲ ਕੋਈ ਦੌਲਤ ਘਟਦੀ ਨਹੀਂ, ਚਿੜੀ ਚੋਂਝ ਭਰ ਲੇ ਗਈ, ਨਦੀ ਨਾ ਘਟਿਓ ਨੀਰ.......। ਪਰ 'ਨਾਮ-ਦਾਨ' ਦੇ ਮਾਮਲੇ ਵਿੱਚ ਅਜਿਹਾ ਨਹੀਂ ਮੰਨਿਆਂ ਜਾ ਰਿਹਾ। 'ਨਾਮ-ਦਾਨ' ਨੂੰ ਭਵਸਾਗਰ ਤੋਂ ਬੇੜਾ ਪਾਰ ਕਰਨ ਦਾ ਚੱਪੂ ਵੀ ਕਿਹਾ ਜਾਂਦਾ ਹੈ। ਐਪਰ ਜਾਪਦਾ ਹੈ, ਇਹ ਭਵਸਾਗਰ ਵਿੱਚ ਦੂਜਿਆਂ ਨੂੰ ਡੋਬਣ ਵਿੱਚ ਹੀ ਰਾਜ਼ੀ ਹਨ। ਸਿਰਫ਼ ਆਪ ਹੀ ਭਵਸਾਗਰ ਤੋਂ ਪਾਰ, ਕਿਸੇ 'ਨਾਮ ਦੇ ਰੱਬ' ਦੇ ਸਵਰਗ ਵਿੱਚ ਜਾਣਾ

ਚਾਹੁੰਦੇ ਹਨ; 'ਨਾਮ-ਦਾਨ' ਪ੍ਰਾਪਤ ਕਰਨ ਵਾਲੇ। ਸੇਵਕ-ਸ਼ਰਧਾਲੂ ਇਹ ਵੀ ਕਹਿੰਦੇ ਹਨ ਕਿ ਸੰਤ, ਬਾਬੇ, ਮਹਾਰਾਜ, ਪਾਤਸ਼ਾਹ, 'ਨਾਮ-ਸ਼ਬਦ' ਦੱਸ ਕੇ ਲੋਕਾਂ ਨੂੰ ਸਿੱਧੇ ਰਾਹ ਪਾਉਂਦੇ ਹਨ। ਜੇਕਰ 'ਨਾਮ-ਦਾਨ' ਦੇਣਾ ਜਾਂ ਦੱਸਣਾ ਲੋਕਾਂ ਨੂੰ ਸਿੱਧੇ ਰਾਹ ਪਾਉਣਾ ਹੈ, ਤਾਂ ਇਸ ਨੂੰ ਚੰਗੀ ਗੱਲ ਕਹਿਣਾ ਬਣਦਾ ਹੈ। ਸਾਰੇ ਜਾਣਦੇ ਹਨ, ਜੇਕਰ ਕੋਈ ਵਿਅਕਤੀ ਕਿਤੇ ਸ਼ਹਿਰ, ਬਜ਼ਾਰ ਜਾਂ ਦੂਰ-ਦਰਾਡੇ ਗਿਆ, ਰਸਤਾ ਭਟਕ ਜਾਵੇ ਤਾਂ ਉਹ ਕਿਸੇ ਦੂਸਰੇ ਵਿਅਕਤੀ ਤੋਂ ਸਹੀ ਰਸਤੇ ਬਾਰੇ ਜਾਣਕਾਰੀ ਪ੍ਰਾਪਤ ਕਰ ਲੈਂਦਾ ਹੈ, ਪੁੱਛ ਲੈਂਦਾ ਹੈ। ਜਿਸ ਕਿਸੇ ਨੂੰ ਰਸਤੇ ਬਾਰੇ ਸਹੀ ਜਾਣਕਾਰੀ ਹੋਵੇ ਉਹ ਖੁਸ਼ੀ-ਖੁਸ਼ੀ ਦੱਸ ਦਿੰਦਾ ਹੈ। ਆਮ ਲੋਕ ਇਸ ਨੂੰ ਭਲੇ ਵਾਲਾ ਕਾਰਜ ਕਹਿੰਦੇ ਹਨ, ਸਮਝਦੇ ਹਨ। ਪ੍ਰੰਤੂ 'ਨਾਮ-ਦਾਨ' ਪ੍ਰਾਪਤ ਕਰ ਚੁੱਕੇ ਪੈਰੋਕਾਰ, ਸੇਵਕ ਸਹੀ ਰਸਤਾ ਜਾਣਦੇ ਹੋਏ ਪੁੱਛਣ ਤੇ ਵੀ ਕਿਸੇ ਨੂੰ ਨਹੀਂ ਦੱਸਦੇ ਸਿੱਧੇ ਰਾਹ (ਨਾਮ-ਸ਼ਬਦ) ਬਾਰੇ। ਇਸ ਲਈ ਇਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਲੋਕਾਂ ਦਾ ਭਲਾ ਨਹੀਂ ਚਾਹੁੰਦੇ।

ਦਫ਼ਤਰਾਂ, ਸੜਕਾਂ, ਚੌਰਾਹਿਆਂ, ਬੱਸ ਅੱਡਿਆਂ, ਰੇਲਵੇ ਸ਼ਟੇਸ਼ਨਾਂ ਤੇ ਤੁਸੀਂ ਛੋਟੇ-ਵੱਡੇ ਬੋਰਡ ਲੱਗੇ ਹੋਏ ਦੇਖੇ ਹੋਣਗੇ। ਜਿਨਾਂ ਤੇ ਕੁਝ ਸੂਚਨਾਵਾਂ ਅੰਕਿਤ ਕੀਤੀਆਂ ਹੁੰਦੀਆਂ ਹਨ। ਇਸ ਲਈ ਕਿ ਲੋਕ ਇਨ੍ਹਾਂ ਨੂੰ ਪੜ੍ਹ ਕੇ, ਪੜ੍ਹਾ ਕੇ, ਜਾਣ ਕੇ ਆਪਣੇ ਕਾਰ-ਵਿਹਾਰ ਅਤੇ ਜ਼ਿੰਦਗੀ ਨੂੰ ਬੇਹਤਰ ਬਣਾ ਸਕਣ। ਜੇਕਰ 'ਨਾਮ-ਦਾਨ' (ਨਾਮ-ਸ਼ਬਦ) ਦੇਣ ਵਾਲਿਆਂ ਕੋਲ ਕੁਝ ਸ਼ਬਦ ਜਾਂ ਵਾਕ ਅਜਿਹੇ ਹਨ। ਜਿਨ੍ਹਾਂ ਨਾਲ ਲੋਕਾਂ ਦਾ ਭਲਾ ਹੋ ਸਕਦਾ ਹੈ। ਮਨੁੱਖਾ ਜੂਨ ਸੁਧਰ ਸਕਦੀ ਹੈ। ਫਿਰ ਇਨ੍ਹਾਂ ਨੂੰ ਸ਼ਰਤਾਂ ਸਹਿਤ ਚੋਰੀ-ਚੋਰੀ, ਲੁਕ-ਲੁਕ ਕੇ, ਭੋਰਿਆਂ, ਸੱਚ-ਖੰਡ, ਜਾਂ ਹੋਰ ਅਜੇਹੇ ਬਣਾਏ ਘੁਰਨਿਆਂ ਵਿੱਚ ਲਿਜਾ ਕੇ ਕੱਲੇ-ਕੱਲੇ, ਦੋ-ਦੋ, ਚਾਰ-ਚਾਰ ਨੂੰ ਦੱਸਣ ਦੀ ਵਜਾਏ ਜਨਤਕ ਥਾਵਾਂ ਤੇ ਵੱਡੇ-ਵੱਡੇ ਬੋਰਡ ਲਗਾ ਕੇ, ਰੇਡੀਉ, ਟੀ.ਵੀ, ਮੋਬਾਇਲ, ਇੰਟਰਨੈੱਟ ਰਾਹੀਂ 'ਨਾਮ-ਦਾਨ' (ਨਾਮ-ਸ਼ਬਦ) ਭੁਚਾਲ ਦੀ ਖ਼ਬਰ (ਅਫ਼ਵਾਹ) ਵਾਂਗ ਜਿੰਨਾ ਛੇਤੀ ਹੋ ਸਕੇ ਲੋਕਾਂ ਤੱਕ ਪਹੁੰਚਾ ਦੇਣਾ, ਦੱਸ ਦੇਣਾ ਚਾਹੀਦਾ ਹੈ ਤਾਂ ਕਿ ਲੋਕ ਸਿੱਧੇ ਰਾਹ ਤੁਰ ਪੈਣ ਤੇ ਸਭ ਦਾ ਭਲਾ ਹੋ ਜਾਵੇ। ਜੇਕਰ 'ਨਾਮ-ਦਾਨ' ਦੇਣ ਵਾਲੇ ਅਜਿਹਾ ਨਹੀਂ ਕਰਦੇ ਤਾਂ ਮੰਨਣਾ ਪਵੇਗਾ ਕਿ ਇਹ ਲੋਕਾਂ ਦਾ ਭਲਾ ਨਹੀਂ ਕਰਨਾ ਚਾਹੁੰਦੇ। ਜਿਹੜੇ ਲੋਕ ਦੂਜਿਆਂ ਦਾ ਭਲਾ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਨੂੰ ਭਲੇ ਲੋਕ ਨਹੀਂ ਕਿਹਾ ਜਾ ਸਕਦਾ। ਫਿਰ ਇਨ੍ਹਾਂ ਮਾੜੇ, ਬੁਰੇ ਲੋਕਾਂ ਦੇ ਪਿੱਛੇ-ਪਿੱਛੇ ਘੁੰਮ ਕੇ, ਤੁਸੀਂ ਕੀ ਪ੍ਰਾਪਤ ਕਰਨਾ ਚਾਹੁੰਦੇ ਹੋ ਤੇ ਉਹ ਤੁਹਾਨੂੰ ਕੀ ਦੇ ਸਕਦੇ ਹਨ? ਜ਼ਰੂਰ ਸੋਚੋ?

ਕੀ ਅਜੇ ਵੀ 'ਨਾਮ-ਸ਼ਬਦ', 'ਨਾਮ ਦੀ ਦਾਤ' ਨੂੰ ਦਾਨ ਕਿਹਾ ਜਾ ਸਕਦਾ ਹੈ?

ਸੱਚਾ ਨਾਮ-ਝੂਠਾ ਨਾਮ

ਧਰਮ ਪ੍ਰਚਾਰਕਾਂ, ਡੇਰੇਦਾਰਾਂ, ਮਹਾਰਾਜ, ਪੀਰ ਪਾਤਸ਼ਾਹ, ਸੰਤ, ਬਾਬਿਆਂ ਨੇ 'ਨਾਮ' (ਨਾਮ ਸ਼ਬਦ) ਦੇ ਪ੍ਰਚਾਰ ਨੂੰ ਸਿਖ਼ਰ ਤੇ ਪਹੁੰਚਾਇਆ ਹੋਇਆ ਹੈ। ਇਨ੍ਹਾਂ ਵਲੋਂ ਸੱਚਾ-ਨਾਮ, ਝੂਠਾ-ਨਾਮ, ਪੂਰਾ-ਨਾਮ, ਅਧੂਰਾ-ਨਾਮ, ਵੱਡਾ-ਨਾਮ, ਛੋਟਾ-ਨਾਮ, ਅੱਧਾ-ਨਾਮ ਆਦਿ ਵਿਸ਼ੇਸ਼ਣ 'ਨਾਮ' (ਰੱਬ·ਦੇ ਨਾਮ, ਨਾਮ ਦੀ ਦਾਤ) ਨਾਲ ਜੋੜ ਕੇ ਲੋਕਾਂ ਨੂੰ ਭੰਬਲ ਭੂਸੇ ਵਿੱਚ ਪਾਇਆ ਹੋਇਆ ਹੈ, ਪਾਇਆ ਜਾ ਰਿਹਾ ਹੈ। ਇਨ੍ਹਾਂ ਦੇ ਅਰਥ, ਵਿਆਖਿਆ ਅਤੇ ਪਰਖ ਨੂੰ ਲੋਕਾਈ ਦੀ ਸੋਚ, ਸਮਝ ਤੋਂ ਬਾਹਰ ਦੱਸ ਕੇ ਚੌਰਾਹੇ ਵਿੱਚ ਖੜ੍ਹੀ ਕੀਤਾ ਹੋਇਆ ਹੈ। ਸਿਰਫ਼ ਆਪਣਾ ਫ਼ੈਸਲਾ ਅਤੇ ਨਤੀਜਾ ਗੁੰਮਰਾਹ ਕਰਕੇ ਠੋਸਿਆ ਜਾ ਰਿਹਾ ਹੈ। ਅਸਲ 'ਚ ਇਨ੍ਹਾਂ ਤੋਂ ਕੀ ਭਾਵ ਹੈ? ਇਹ ਹਰ ਇੱਕ ਵਿਅਕਤੀ ਦੀ ਸਮਝ ਦਾ ਹਿੱਸਾ ਬਣਨਾ ਚਾਹੀਦਾ ਹੈ। ਸਮਝ ਦਾ ਹਿੱਸਾ ਤਾਂ ਹੀ ਬਣੇਗਾ, ਅਗਰ ਉਹ ਇਸ ਬਾਰੇ ਸਵਾਲ ਪੈਦਾ ਕਰੇਗਾ। ਜਦੋਂ ਸਵਾਲ ਪੈਦਾ ਹੋ ਜਾਵੇਗਾ, ਫਿਰ ਉਸਦਾ ਸਹੀ ਜੁਆਬ ਵੀ ਲੱਭਿਆ ਜਾ ਸਕਦਾ ਹੈ। ਜੇਕਰ ਇਹ ਸਵਾਲ ਹੀ ਪੈਦਾ ਨਹੀਂ ਕੀਤਾ ਜਾਂਦਾ ਤਾਂ ਉੱਤਰ ਦੀ ਉਡੀਕ ਨਹੀਂ ਕੀਤੀ ਜਾ ਸਕਦੀ।

ਉਪਰੋਕਤ 'ਨਾਮ' ਦੇ ਵਿਸ਼ੇਸ਼ਣ ਲਾਉਣ ਦੇ ਸਬੰਧ 'ਚ ਉਦਾਹਰਣ ਦਿੱਤੀ ਜਾ ਸਕਦੀ ਹੈ ਜਿਵੇਂ ਢਾਬੇ ਵਾਲੇ ਪਨੀਰ ਦੀਆਂ 20 ਸਬਜ਼ੀਆਂ ਦੇ ਨਾਂ ਗਿਣਾ ਦਿੰਦੇ ਹਨ:-ਆਲੂ ਪਨੀਰ, ਗੋਭੀ ਪਨੀਰ, ਮਟਰ ਪਨੀਰ, ਪਾਲਕ ਪਨੀਰ, ਸ਼ਾਹੀ ਪਨੀਰ ਅਤੇ ਹੋਰ। ਅਸਲ 'ਚ ਜ਼ਰੂਰਤ ਪਨੀਰ ਦੀਆਂ ਵਰਾਇਟੀਆਂ ਦੀ ਨਹੀਂ ਹੈ। ਮਸਲਾ ਤਾਂ ਸੁਆਦ ਅਤੇ ਗੁਣਕਾਰੀ ਤੱਤਾਂ ਦਾ ਹੈ। ਪ੍ਰੰਤੂ ਲੋਕ ਵਰਾਇਟੀਆਂ ਦੇ ਚੱਕਰ 'ਚ ਫਸੇ ਹੋਏ ਹਨ, ਫਸਾਏ ਹੋਏ ਹਨ। ਇਹ ਸਕੀਮ ਓਨਾ ਚਿਰ ਕਾਮਯਾਬ ਹੀ ਰਹਿਣੀ ਹੈ ਜਿੰਨਾ ਚਿਰ ਤੱਕ ਤੁਸੀਂ ਵਰਾਇਟੀਆਂ ਦੇ ਚੱਕਰ 'ਚ ਫਸੇ ਰਹੋਗੇ। ਜਦੋਂ ਸੁਆਦ ਅਤੇ ਗੁਣਾਂ ਦੀ ਪਛਾਣ ਕਰਨ ਲੱਗ ਪਏ, ਫਿਰ ਆਲੂ-ਛੋਲੇ ਵੀ ਚੰਗੇ ਲੱਗਣ ਲੱਗ ਪੈਣੇ ਹਨ ਤੇ ਮਸਰ-ਮੂੰਗੀ ਵੀ। 'ਨਾਮ' ਦੇ ਵਿਸ਼ੇਸ਼ਣਾਂ ਵਿੱਚ ਵੀ ਇਹੋ ਢੰਗ ਵਰਤ ਕੇ ਫਸਾਇਆ ਜਾ ਰਿਹਾ ਹੈ। ਜਿਵੇਂ ਪਨੀਰ ਖਾਣਾ ਕੇਵਲ ਭੁੱਖ ਨੂੰ ਦੂਰ ਕਰਨਾ ਨਹੀਂ, ਰੁਤਬੇ (ਸਟੇਟਸ ਸਿੰਬਲ) ਦਾ ਵੀ ਮਸਲਾ ਹੈ। ਇਸੇ ਤਰ੍ਹਾਂ 'ਨਾਮ' ਦੇ ਨਾਲ ਵਿਸ਼ੇਸ਼ਣ ਅਤੇ ਸਬੰਧਤ ਡੇਰੇ ਦੇ ਛੋਟਾ-ਵੱਡਾ ਹੋਣਾ ਵੀ 'ਸਟੇਟਸ ਸਿੰਬਲ' ਦੇ ਤੌਰ 'ਤੇ ਅਜੋਕੇ ਸਮਾਜ ਵਿੱਚ ਮੰਨਿਆ ਜਾ ਰਿਹਾ ਹੈ। 'ਧਰਮ' 'ਡੇਰੇ' ਅਤੇ 'ਨਾਮ' ਦੇ ਗੁਣਾਂ-ਅਵਗੁਣਾਂ (ਸਹੀ, ਗਲਤ) ਦੀ ਚਰਚਾ ਨੂੰ ਪਾਸੇ ਰੱਖਕੇ ਸਿਰਫ਼ ਛੋਟੇ-ਵੱਡੇ, ਅਧੂਰੇ-ਪੂਰੇ ਤੇ ਹੀ ਧਿਆਨ ਕੇਂਦਰਤ ਕਰ ਦਿੱਤਾ ਜਾਂਦਾ ਹੈ। ਇਸ ਮਾਇਆ ਜਾਲ ਵਿੱਚ ਲੋਕਾਈ ਫਸਦੀ ਜਾ ਰਹੀ ਹੈ। ਆਪਣੇ

ਮਸਲਿਆਂ 'ਤੇ ਧਿਆਨ ਕੇਂਦਰਤ ਕਰਕੇ ਉਨ੍ਹਾਂ ਦੇ ਕਾਰਨਾਂ ਪ੍ਰਤੀ ਪ੍ਰਸ਼ਨ ਪੈਦਾ ਕਰਨ ਅਤੇ ਹੱਲ ਤਲਾਸ਼ਣ ਦੀ ਯੋਗਤਾ ਖ਼ਤਮ ਕਰਨ ਦੇ ਸਾਧਨ ਦੇ ਤੌਰ 'ਤੇ ਉਪਰੋਕਤ ਢੰਗ ਵਰਤਿਆ ਜਾ ਰਿਹਾ ਹੈ। ਸਿਰਫ਼ ਧਰਮ, ਡੇਰੇ, ਸੰਤ, ਬਾਬੇ, ਮਹਾਰਾਜ ਦੇ (ਸਹੀ, ਗਲਤ) ਹੁਕਮਾਂ ਨੂੰ ਮੰਨਣ ਤੱਕ ਹੀ ਮਨੁੱਖ ਦੀ ਸਮਝ ਸ਼ਕਤੀ ਨੂੰ ਸੀਮਤ ਕਰ ਦਿੱਤਾ ਜਾਂਦਾ ਹੈ। ਇਸ ਦਾ ਹੀ ਸਿੱਟਾ ਹੈ ਕਿ ਰੋਜ਼ਗਾਰ, ਮਹਿੰਗਾਈ, ਭ੍ਰਿਸ਼ਟਾਚਾਰ, ਭਰੂਣ ਹੱਤਿਆ, ਹਿੰਸਾ, ਆਬਾਦੀ, ਬਿਜਲੀ, ਪਾਣੀ, ਜਾਤ-ਪਾਤ, ਫ਼ਿਰਕਾਪ੍ਰਸਤੀ ਵਰਗੇ ਹੋਰ ਵੱਡੇ ਮਸਲੇ ਹੋਣ ਤੇ ਵੀ ਇਨ੍ਹਾਂ ਵਿਰੁੱਧ ਕੋਈ ਵੱਡੀ ਲੋਕ-ਲਹਿਰ ਪੈਦਾ ਨਹੀਂ ਹੋਈ ਤੇ ਨਾ ਉਸਾਰੀ ਜਾ ਸਕੀ ਹੈ। ਉਪਰੋਕਤ ਜਕੜਜਾਲ ਨੇ ਚੰਗੇ ਭਲੇ ਮਨੁੱਖਾਂ ਨੂੰ ਅਪਾਹਜ ਬਣਾ ਦਿੱਤਾ ਹੈ। ਇਹ ਸਮੁੱਚੇ ਲੋਕਾਂ ਦੇ ਹਿੱਤ ਵਿੱਚ ਨਹੀਂ ਹੈ। ਇਸ ਕੋਝੇ ਪ੍ਰਚਾਰ ਦੇ ਚੱਕਰਵਿਊ ਨੂੰ ਤੋੜ ਕੇ ਮੁੜ ਮਨੁੱਖ ਨੂੰ ਮਨੁੱਖ ਬਣਾਉਣ ਦੇ ਜੰਗੀ ਪੱਧਰ 'ਤੇ ਉਪਰਾਲੇ ਜਥੇਬੰਦਕ ਤੌਰ 'ਤੇ ਕਰਨੇ ਹੀ ਪੈਣੇ ਹਨ। ਹਰ ਇੱਕ ਸਮਝ ਰੱਖਦੇ ਮਨੁੱਖ ਨੂੰ ਸਮੇਂ ਦੀ ਇਸ ਮੰਗ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨਾ ਹੋਵੇਗਾ।

ਸਿਰਫ਼ 'ਨਾਮ' ਦੇ ਮਾਇਆ ਜਾਲ ਵਿੱਚ ਹੀ ਨਹੀਂ, ਸਗੋਂ ਉਪਰੋਕਤ ਉਦਾਹਰਣ ਵਾਂਗ ਹਰ ਖੇਤਰ ਵਿੱਚ ਹੀ ਮਨੁੱਖ ਨੂੰ ਫਸਾਉਣ, ਉਲਝਾਉਣ, ਨੀਵਾਂ ਦਿਖਾਉਣ ਦੀਆਂ ਤਰਕੀਬਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜਿਵੇਂ 'ਨਾਮ-ਦਾਨ' ਦੇਣ ਵਾਲੇ ਮਨੁੱਖ ਨੂੰ ਛੁਟਿਆ ਕੇ ਨੀਵਾਂ, ਨਿਮਾਣਾ, ਨਿਤਾਣਾ ਬਣਾ ਰਹੇ ਹਨ ਅਤੇ ਰੱਬ ਨੂੰ ਸਰਬ-ਸੰਪੰਨ। ਇਸੇ ਤਰ੍ਹਾਂ ਹੀ ਉਪਭੋਗਤਾ ਦੀਆਂ ਵਸਤਾਂ ਪੈਦਾ ਕਰਨ ਵਾਲੇ, ਵੇਚਣ ਖਾਤਰ ਵਿਅਕਤੀ ਦੀ ਖ਼ਾਸੀਅਤ ਦੇ ਵਿਰੁੱਧ ਵਸਤਾਂ ਦੇ ਗੁਣਾਂ ਨੂੰ ਉਭਾਰ ਕੇ ਪੇਸ਼ ਕਰ ਰਹੇ ਹਨ। ਵਸਤਾਂ ਦੇ ਕੂੜ ਪ੍ਰਚਾਰ ਦੇ ਨਾਲ ਵੀ ਮਨੁੱਖ ਨੂੰ ਬੌਣਾ, ਘਟੀਆ, ਨਿਕੰਮਾ ਦਿਖਾਇਆ, ਬਣਾਇਆ ਜਾ ਰਿਹਾ ਹੈ। ਕਿਸੇ ਖ਼ਾਸ ਕੰਪਨੀ ਦੇ ਟੁੱਥ ਪੇਸਟ, ਸਾਬਣ, ਪਾਊਡਰ, ਸ਼ੈਂਪੂ, ਸੈਂਟ, ਟੌਫ਼ੀਆਂ, ਚਾਕਲੇਟ, ਕੱਪੜੇ, ਮੋਬਾਇਲ ਆਦਿ ਦੀ ਵਰਤੋਂ ਕਰਨ ਵਾਲੇ ਨੂੰ ਦੂਜਿਆਂ ਦਾ ਚਹੇਤਾ, ਸਤਿਕਾਰ ਦਾ ਪਾਤਰ ਹੀ ਨਹੀਂ, ਸਗੋਂ ਜਿਊਣ ਲਈ ਅਤੇ ਜ਼ਿੰਦਗੀ 'ਚ ਸਫਲਤਾ ਪ੍ਰਾਪਤ ਕਰਨ ਲਈ ਜ਼ਰੂਰੀ ਦੱਸਿਆ ਤੇ ਸਮਝਾਇਆ ਜਾ ਰਿਹਾ ਹੈ। ਇਸਤੋਂ ਇਲਾਵਾ ਵਿਸ਼ੇਸ਼ ਵਸਤਾਂ ਦੀ ਵਰਤੋਂ ਕਰਨ ਨਾਲ ਝੂਠੇ ਸਫਲਤਾ ਦੇ ਨਤੀਜੇ ਵੀ ਮਸ਼ਹੂਰੀਆਂ ਵਿੱਚ ਫ਼ਿਲਮਾ ਕੇ ਪੇਸ਼ ਕੀਤੇ ਜਾ ਰਹੇ ਹਨ। ਵਿਅਕਤੀ ਦੇ ਕਾਰ-ਵਿਹਾਰ ਦੇ ਗੁਣ ਪਿਆਰ, ਸਤਿਕਾਰ, ਬੋਲ-ਚਾਲ, ਹਮਦਰਦੀ, ਕਹਿਣੀ-ਕਰਨੀ, ਕਿਰਤ, ਇਮਾਨਦਾਰੀ, ਵਿੱਦਿਅਕ ਯੋਗਤਾ, ਸਰਬੱਤ ਦੇ ਭਲੇ ਦੀ ਸੋਚ ਆਦਿ ਮਾਨਵੀ ਸ਼ਖ਼ਸੀਅਤ ਦੇ ਅਸਲ ਗੁਣਾਂ ਨੂੰ ਉਪਭੋਗਤਾ ਦੀਆਂ ਵਸਤਾਂ ਦੇ ਕੂੜ-ਪ੍ਰਚਾਰ ਨੇ ਲਗਭਗ ਪਰਦੇ ਪਿੱਛੇ ਧੱਕ ਦਿੱਤਾ ਹੈ। ਜਿਸ ਤਰ੍ਹਾਂ ਉਪਭੋਗਤਾ ਦੀਆਂ ਵਸਤਾਂ ਦੇ ਕੂੜ-ਪ੍ਰਚਾਰ ਨੇ ਮਾਨਵੀ ਗੁਣਾਂ ਮਨੁੱਖ ਦੀ ਮਹੱਤਤਾ ਦੇ ਅਰਥ ਹੀ ਬਦਲ ਦਿੱਤੇ ਹਨ।

ਇਸੇ ਤਰ੍ਹਾਂ ਹੀ 'ਨਾਮ' ਦੇ ਅਰਥ ਭਾਵ ਸੰਤ, ਬਾਬਿਆਂ, ਡੇਰੇਦਾਰਾਂ, ਧਰਮ ਵਪਾਰੀਆਂ ਨੇ ਆਪਣੇ ਲਾਭ ਨੂੰ ਮੁੱਖ ਰੱਖਕੇ ਬਦਲ ਦਿੱਤੇ ਹਨ। ਮਨੁੱਖ ਦੇ 'ਨਾਮ' ਦੀ ਥਾਂ 'ਰੱਬ ਦੇ ਨਾਮ' ਦੇ ਗੁਣ ਵਿਸ਼ੇਸ਼ਤਾਵਾਂ ਨੂੰ ਬਿਆਨ ਕੀਤਾ ਜਾ ਰਿਹਾ ਹੈ। ਕਹਿਣ ਦਾ ਭਾਵ 'ਕਰਤਾ-ਪੁਰਖ' (ਪ੍ਰਤੱਖ) ਨੂੰ ਅੱਖੋਂ-ਪਰੋਖੇ ਕਰਕੇ 'ਅਕਾਲ-ਪੁਰਖ' (ਅਪ੍ਰਤੱਖ) ਨੂੰ ਪੇਸ਼ ਕੀਤਾ ਜਾ ਰਿਹਾ ਹੈ। ਸੱਚ ਨੂੰ ਛੱਡ ਕੇ ਝੂਠ ਦੀ ਪ੍ਰਸ਼ੰਸਾ ਤੇ ਪ੍ਰਚਾਰ ਕੀਤਾ ਜਾ ਰਿਹਾ ਹੈ। ਗਿਆਨ ਨੂੰ ਛੱਡ ਕੇ ਅਗਿਆਨ ਨੂੰ ਅਪਣਾਇਆ ਜਾ ਰਿਹਾ ਹੈ।

ਜਿਸ ਤਰ੍ਹਾਂ ਉਪਭੋਗਤਾਵਾਦ ਦੇ ਗੁੰਮਰਾਹਕੁਨ, ਝੂਠੇ, ਕੂੜ-ਪ੍ਰਚਾਰ ਨੇ ਵਸਤਾਂ ਦੇ ਵਿਸ਼ੇ (ਗੁਣਾਂ) ਤੱਕ ਹੀ ਸੋਚ, ਸਮਝ ਨੂੰ ਸੀਮਤ ਕਰ ਦਿੱਤਾ ਹੈ। ਇਸੇ ਤਰ੍ਹਾਂ ਹੀ ਮਨੁੱਖ ਦੇ ਸੱਚੇ-ਨਾਮ, ਝੂਠੇ-ਨਾਮ, ਪੂਰੇ-ਨਾਮ, ਅਧੂਰੇ-ਨਾਮ, ਛੋਟੇ-ਨਾਮ, ਵੱਡੇ-ਨਾਮ ਨਾਲੋਂ ਪਰ੍ਹੇ ਕਰਕੇ ਧਰਮ ਪ੍ਰਚਾਰਕਾਂ, ਧਰਮ ਦੇ ਠੇਕੇਦਾਰਾਂ, ਧਰਮ ਵਪਾਰੀਆਂ ਨੇ ਅਕਾਲ-ਪੁਰਖ ਦੇ 'ਨਾਮ' ਦੇ ਚੱਕਰਾਂ ਵਿੱਚ ਪਾ ਦਿੱਤਾ ਹੈ। ਜਦੋਂ ਕਰਤਾ-ਪੁਰਖ ਹੀ ਨਹੀਂ ਹੋਣਾ ਤਾਂ ਅਕਾਲ-ਪੁਰਖ ਕਿੱਥੇ ਰਹਿ ਜਾਵੇਗਾ? ਅਕਾਲ-ਪੁਰਖ ਦੀ ਪੈਦਾਇਸ਼ ਤੇ ਖੋਜ, ਕਰਤਾ-ਪੁਰਖ ਦੀ ਹੀ ਕਿਰਤ ਹੈ।

ਮਸਲਾ ਅਕਾਲ-ਪੁਰਖ ਦੇ ਛੋਟੇ-ਵੱਡੇ, ਅਧੂਰੇ-ਪੂਰੇ ਨਾਮ ਦਾ ਨਹੀਂ ਹੈ। ਮਸਲਾ ਤਾਂ ਕਰਤਾ-ਪੁਰਖ ਦੇ ਸੱਚੇ, ਝੂਠੇ, ਅਧੂਰੇ, ਪੂਰੇ, ਛੋਟੇ, ਵੱਡੇ, ਨਾਮ ਦੇ ਵਿਚਾਰਨ ਦਾ ਹੈ। ਜੇਕਰ ਇਸ ਦੀ ਵਿਚਾਰ ਕਰ ਲਵਾਂਗੇ ਤਾਂ ਸਾਰੇ ਮਸਲੇ ਹੱਲ ਹੁੰਦੇ ਨਜ਼ਰ ਆਉਣਗੇ। ਮਨੁੱਖ ਦਾ ਹੀ ਵੱਡਾ ਅਤੇ ਛੋਟਾ ਨਾਮ ਹੁੰਦਾ ਹੈ। ਮਨੁੱਖ ਦਾ ਹੀ ਸੱਚਾ 'ਨਾਮ' (ਵਿਚਾਰਧਾਰਾ) ਅਮਰ, ਅਜੂੰਨੀ ਤੇ ਮੁਕਤੀ-ਮਾਰਗ ਬਣਦਾ ਹੈ। ਸਰਬੱਤ ਦੇ ਭਲੇ ਵਾਲੇ ਕਾਰਜ ਕਰਨ ਵਾਲੇ ਮਨੁੱਖ ਦਾ ਸੱਚਾ ਨਾਮ ਕਦੇ ਨਹੀਂ ਮਰਦਾ। ਜਦੋਂ ਤੱਕ ਮਨੁੱਖੀ ਜੀਵਨ ਰਹੇਗਾ, ਉਸ ਸਮੇਂ ਤੱਕ ਸਹੀ, ਚੰਗੇ, ਅਸਲ, ਅਸੂਲੀ ਮਨੁੱਖ ਦਾ ਸੱਚਾ-ਨਾਮ ਜ਼ਰੂਰ ਰਹੇਗਾ। ਮਨੁੱਖ ਦਾ ਹੀ ਛੋਟਾ, ਵੱਡਾ, ਸੱਚਾ, ਝੂਠਾ ਨਾਮ ਹੁੰਦਾ ਹੈ। ਕਿਸੇ ਅਕਾਲ-ਪੁਰਖ (ਅਪ੍ਰਤੱਖ) ਦੇ 'ਨਾਮ' ਨੂੰ ਸੱਚਾ ਨਾਮ ਨਹੀਂ ਕਿਹਾ ਜਾ ਸਕਦਾ, ਨਾ ਹੀ ਮੰਨਿਆ ਜਾ ਸਕਦਾ ਹੈ।

ਮਨੁੱਖ ਦੇ ਦੁਖੀ ਹੋਣ ਦਾ ਸਭ ਤੋਂ ਵੱਡਾ ਕਾਰਨ ਇਹੋ ਹੈ ਕਿ ਉਸਨੇ ਆਪਣਾ (ਉਦੇਸ਼) ਮਿਸ਼ਨ ਛੱਡਕੇ ਰੱਬ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਕੋਈ ਵਪਾਰੀ, ਕੰਪਨੀ ਜਾਂ ਅਦਾਰਾ ਅਜਿਹਾ ਕਰੇਗਾ ਤਾਂ ਉਹ ਘਾਟੇ ਵਿੱਚ ਹੀ ਰਹੇਗਾ। ਮਨੁੱਖ ਵੀ ਘਾਟੇ ਵਿੱਚ ਜਾ ਰਿਹਾ ਹੈ। ਮਨੁੱਖ ਆਪ ਭੁੱਖਾ ਮਰ ਰਿਹਾ ਹੈ ਪਰ ਅਕਾਲ-ਪੁਰਖ ਨੂੰ ਤਰ੍ਹਾਂ-ਤਰ੍ਹਾਂ ਦੇ ਭੋਜਨ ਪਦਾਰਥ ਤਿਆਰ ਕਰਕੇ ਭੋਗ ਲਗਾਏ ਜਾ ਰਹੇ ਹਨ, ਪੇਸ਼ ਕੀਤੇ ਜਾ ਰਹੇ ਹਨ। ਲੱਖਾਂ-ਕਰੋੜਾਂ ਮਨੁੱਖਾਂ ਨੂੰ ਤਨ ਤੇ ਪਹਿਨਣ ਲਈ ਕੱਪੜਾ ਨਹੀਂ ਮਿਲ ਰਿਹਾ। ਪਰ ਰੱਬ ਦੇ ਲਈ ਤਿੱਲੇ-ਜੜੀਆਂ ਚਾਦਰਾਂ ਅਤੇ ਪਹਿਰਾਵੇ ਮਹਿੰਗੇ ਤੋਂ ਮਹਿੰਗੇ

ਭੇਂਟ ਕੀਤੇ ਜਾ ਰਹੇ ਹਨ। ਲੱਖਾਂ-ਕਰੋੜਾਂ ਲੋਕ ਗਰਮੀ, ਸਰਦੀ, ਬਰਸਾਤ ਦੇ ਮੌਸਮ 'ਚ ਖੁੱਲ੍ਹੇ ਆਕਾਸ਼ ਥੱਲੇ ਸੜਕਾਂ ਤੇ ਸੌਂ ਕੇ ਆਪਣੀ 'ਜੂਨ' ਕੱਟ ਰਹੇ ਹਨ। ਪ੍ਰੰਤੂ ਰੱਬ ਦੇ ਲਈ ਸੰਗਮਰਮਰੀ ਬਹੁ-ਮੰਜਲਾਂ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਮਨੁੱਖ-ਮਨੁੱਖ ਨੂੰ ਕੋਈ ਸਹੂਲਤ ਦੇਣ ਲਈ ਤਿਆਰ ਨਹੀਂ, ਪਰ ਰੱਬ ਦੇ ਨਾਂ ਤੇ ਸਭ ਕੁਝ (ਜਾਨ ਤੇ ਜਹਾਨ) ਕੁਰਬਾਨ ਕਰਨ ਲਈ ਤੁਰਿਆ ਹੋਇਆ ਹੈ, ਕਰ ਰਿਹਾ ਹੈ।

ਪ੍ਰੰਤੂ ਜਦੋਂ ਤੱਕ ਮਨੁੱਖ ਰੱਬ ਦਾ ਪ੍ਰਚਾਰਕ ਅਤੇ ਸੇਵਕ ਬਣਿਆ ਰਹੇਗਾ ਉਦੋਂ ਤੱਕ ਮਾਨਵਤਾਵਾਦ ਦੀ ਸ਼ੁਰੂਆਤ ਨਹੀਂ ਹੋਵੇਗੀ। ਮਾਨਵਤਾਵਾਦ ਲਈ ਜ਼ਰੂਰੀ ਹੈ ਕਿ ਰੱਬ ਦੇ 'ਨਾਮ' ਦਾ ਝੂਠਾ ਪ੍ਰਚਾਰ, ਪਾਸਾਰ ਛੱਡ ਕੇ ਮਨੁੱਖ ਦੇ ਪ੍ਰਚਾਰ ਪਾਸਾਰ ਦਾ ਕਾਰਜ ਅੱਜ ਤੋਂ ਹੀ ਆਰੰਭ ਕਰਨਾ ਹੋਵੇਗਾ। ਜਿਸ ਨਾਲ ਸਿਰਫ਼ ਦੂਜਿਆਂ ਦਾ ਹੀ ਨਹੀਂ ਤੁਹਾਡਾ ਵੀ ਭਲਾ ਹੋਵੇਗਾ। ਇੱਕ ਮਨੁੱਖ ਹੀ ਹੈ ਜੋ ਆਪਣੇ ਚੌਗਿਰਦੇ ਦੀ ਸਾਂਭ-ਸੰਭਾਲ ਸੁਚੱਜੀ ਵਰਤੋਂ ਕਰਨ ਦੀ ਯੋਗਤਾ ਰੱਖਦਾ ਹੈ। ਪ੍ਰੰਤੂ ਜੇਕਰ ਮਨੁੱਖ, ਮਨੁੱਖ ਹੋਣ ਦੀ ਯੋਗਤਾ ਗਵਾ ਲਵੇ ਤਾਂ ਇਨ੍ਹਾਂ ਗੁਣਾਂ ਤੋਂ ਵੀ ਵਿਰਵਾ ਹੋ ਜਾਂਦਾ ਹੈ। ਅਜੋਕੇ ਸਮੇਂ 'ਚ ਮਨੁੱਖ ਨੇ ਮਨੁੱਖ ਹੋਣ ਦੀ ਯੋਗਤਾ ਗਵਾ ਲਈ ਹੈ। ਇਹੋ ਕਾਰਨ ਹੈ ਕਿ ਅੱਜ ਉਹ ਸਿਰਫ਼ ਆਪਣੇ ਭਲੇ ਨੂੰ ਹੀ 'ਸਰਬੱਤ ਦਾ ਭਲਾ' ਸਮਝਣ ਲੱਗ ਪਿਆ ਹੈ। ਇਹ ਕਿਵੇਂ ਵੀ ਸੰਭਵ ਨਹੀਂ ਹੈ? ਬ੍ਰਹਿਮੰਡ ਜਿੱਡਾ ਭੁਲੇਖਾ ਹੈ।

ਜਦੋਂ ਸਿਰਫ਼ ਆਪਣੇ ਭਲੇ ਦਾ ਹੀ ਖਿਆਲ ਕੀਤਾ ਜਾਵੇਗਾ। ਉਸ ਸਮੇਂ ਹੋਰਾਂ ਦੇ ਭਲੇ ਨੂੰ ਜਾਣੇ-ਅਣਜਾਣੇ ਵਿੱਚ ਅੱਖੋਂ-ਪਰੋਖੇ ਕਰ ਦਿੱਤਾ ਜਾਵੇਗਾ। ਜਦੋਂ ਸਾਰੇ ਹੀ ਇਸ ਤਰ੍ਹਾਂ ਕਰਨਗੇ ਤਾਂ ਸਭ ਦੁਖੀ ਹੀ ਰਹਿਣਗੇ। ਭਾਵ ਤੁਸੀਂ ਕਿਸੇ ਦੂਜੇ ਨੂੰ ਅਣਡਿੱਠ ਕਰੋਗੇ ਤਾਂ ਕੋਈ ਆਪਣੇ ਭਲੇ ਖਾਤਰ ਤੁਹਾਨੂੰ ਅਣਦੇਖਿਆ ਕਰ ਦੇਵੇਗਾ। ਪ੍ਰੰਤੂ ਜਦੋਂ ਪਰਹਿੱਤ ਨੂੰ ਨਿੱਜਹਿੱਤ ਸਮਝ ਕੇ ਕੋਈ ਕਾਰਜ ਕੀਤਾ ਜਾਵੇਗਾ ਤਾਂ ਫਿਰ ਸਾਰੇ ਹੀ ਸੁਖੀ ਰਹਿਣਗੇ। ਮਨੁੱਖ ਦੀ ਪੱਕੀ ਪਛਾਣ ਇਹ ਹੀ ਹੈ ਕਿ ਉਹ "ਸਰਬੱਤ ਦੇ ਭਲੇ" ਦੇ ਕਾਰਜ ਕਰਨ ਨੂੰ ਆਪਣਾ ਭਲਾ ਸਮਝਦਾ ਹੈ। ਜਿਹੜੇ ਸਿਰਫ਼ ਆਪਣੇ ਭਲੇ ਦੀ ਸੋਚ ਨਾਲ ਓਤ-ਪੋਤ ਹਨ। ਉਨ੍ਹਾਂ ਨੂੰ ਮਨੁੱਖ ਨਹੀਂ ਮੰਨਿਆ ਜਾ ਸਕਦਾ। ਜੇਕਰ ਕੋਈ ਆਪਣੇ ਆਪ ਨੂੰ ਮਨੁੱਖ ਸਮਝਦਾ ਹੈ ਤਾਂ ਉਸਨੂੰ ਪ੍ਰਤੀਦਿਨ ਦੇ ਕੀਤੇ ਕਾਰਜਾਂ ਦਾ ਲੇਖਾ-ਜੋਖਾ ਕਰਕੇ ਦੇਖ ਲੈਣਾ ਚਾਹੀਦਾ ਹੈ ਕਿ ਉਹ ਕਿੰਨੇ ਪ੍ਰਤੀਸ਼ਤ ਮਨੁੱਖ ਹੈ।

ਇੱਕ ਮਨੁੱਖ ਹੀ ਹੈ ਜਿਸਨੂੰ ਉਸਦੇ ਆਪਣੇ ਗੁਣਾਂ ਦੀ ਘਾਟ ਕਾਰਨ ਅਪੂਰਣ, ਝੂਠਾ, ਛੋਟਾ, ਅਧੂਰਾ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇੰਝ ਵੀ ਕਹਿ ਦਿੱਤਾ ਜਾਂਦਾ ਹੈ, ਬੰਦਾ ਬਣ ਬੰਦਾ ਭਾਵ ਮਨੁੱਖੀ ਗੁਣ (ਪਿਆਰ, ਹਮਦਰਦੀ, ਕਿਰਤ, ਇਮਾਨਦਾਰੀ, ਸਰਬੱਤ ਦੇ ਭਲੇ ਦੀ ਸੋਚ ਆਦਿ) ਗ੍ਰਹਿਣ ਕਰਕੇ ਅਮਲ ਕਰ। ਕਈ ਅਖੌਤੀ ਗੁਰੂ, ਰੱਬ ਦੇ ਏਜੰਟ, ਧਰਮ ਨੇ ਠੇਕੇਦਾਰ, ਧਰਮ ਦੇ ਵਪਾਰੀ ਆਪਣੇ

ਆਪ ਨੂੰ ਪੂਰਨ ਗੁਰੂ ਦਾ ਖਿਤਾਬ ਦੇ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਜਦੋਂ ਕਿ ਉਹ ਪੂਰਨ ਮਨੁੱਖ ਵੀ ਨਹੀਂ ਹੁੰਦੇ। ਇਹ ਹੋ ਸਕਦਾ ਹੈ ਕਿ ਇਸ ਗੱਲ ਤੇ ਵਿਸ਼ਵਾਸ ਕਰਨਾ ਔਖਾ ਲੱਗੇ। ਜੇਕਰ ਕਿਤੇ ਇੱਕ ਵੀ ਅਜਿਹੇ ਪੂਰਨ ਗੁਰੂ ਦੇ ਜੀਵਨ ਦੀ ਥੋੜੀ ਜਿਹੀ ਜਾਣਕਾਰੀ ਉਹਦੇ ਡੇਰੇ ਦੇ ਨੇੜੇ ਰਹਿਣ ਵਾਲੇ ਆਮ ਲੋਕਾਂ ਤੋਂ ਪ੍ਰਾਪਤ ਕਰਨ ਦੀ ਹਿੰਮਤ ਕਰ ਲਵੋ ਤਾਂ ਤੁਹਾਡੇ ਤੇ ਉਹਦੇ ਵਿਚਕਾਰ ਬਣੀ ਪੂਰਨ ਗੁਰੂ ਦੀ ਦਿੱਖ ਦਾ ਪਰਦਾ ਲੀਰੋ-ਲੀਰ ਹੋਣ ਲੱਗਿਆ ਦੇਰ ਨਹੀਂ ਲੱਗੇਗੀ। ਜਿਹੜਾ ਉਹਦੇ ਤੇ ਲੋਕਾਂ ਵਿਚਕਾਰ ਝੂਠੇ ਪ੍ਰਚਾਰ ਨਾਲ ਬਣੀ ਅੰਨ੍ਹੀ ਸ਼ਰਧਾ ਦੇ ਕਾਰਣ ਬਣ ਜਾਂਦਾ ਹੈ। ਜੋ ਸੱਚ ਅਤੇ ਝੂਠ, ਸਹੀ ਅਤੇ ਗਲਤ ਦਾ ਨਿਰਣਾ ਕਰਨ ਦੀ ਯੋਗਤਾ ਅਤੇ ਸਮਝ ਖ਼ਤਮ ਕਰ ਦਿੰਦਾ ਹੈ। ਇਹ ਸਭ ਕੁਝ ਲੋਕਾਈ ਦੇ ਹਿੱਤ ਵਿੱਚ ਹੀ ਹੋਵੇਗਾ ਕਿ ਉਹਦੇ ਭਰਮ ਜਾਲ 'ਚੋਂ ਨਿਕਲ ਕੇ ਲੋਕ ਆਪਣਾ ਤਨ, ਮਨ, ਧਨ ਮਨੁੱਖਤਾ ਦੇ ਲੇਖੇ ਲਾਉਣ ਦੇ ਯੋਗ ਅਤੇ ਆਜ਼ਾਦ ਹੋ ਜਾਣਗੇ। ਜਿਸ ਨਾਲ ਉਨ੍ਹਾਂ ਦਾ ਹੀ ਨਹੀਂ ਸਗੋਂ ਸਭ ਦਾ ਭਲਾ ਹੋਵੇਗਾ।

ਜਿਹੜੇ ਲੋਕ ਨਿਗੂਣੀਆਂ ਪ੍ਰਾਪਤੀਆਂ ਦੀ ਖਾਤਰ ਆਪਣੇ ਮਾਮੂਲੀ ਸੁੱਖਾਂ ਦੀ ਝਾਕ 'ਚ ਇਨ੍ਹਾਂ ਦੇ ਭਰਮ ਜਾਲ ਵਿੱਚ ਫਸੇ ਰਹਿੰਦੇ ਹਨ। ਉਹ ਆਪ ਵੀ ਦੁਖੀ ਰਹਿੰਦੇ ਹਨ ਅਤੇ ਦੂਜਿਆਂ ਦੇ ਲਈ ਵੀ ਦੁੱਖਾਂ ਦਾ ਕਾਰਨ ਬਣਦੇ ਹਨ। ਧਰਮ ਦਾ ਪਰਦਾ ਪਾ ਕੇ ਆਪਣੇ ਆਪ ਨੂੰ ਭਲੇ ਪੁਰਸ਼ ਕਹਾਉਣ ਵਾਲੇ ਕਿਸੇ ਤਰ੍ਹਾਂ ਦਾ ਵੀ ਗਲਤ ਕਰਮ ਕਰਨ ਤੋਂ ਭੋਰਾ ਵੀ ਨਹੀਂ ਸ਼ਰਮਾਉਂਦੇ ਕਿਉਂਕਿ ਉਨ੍ਹਾਂ ਨੇ ਲੁੱਟ ਦੀ ਕਮਾਈ ਦਾ ਬਣਦਾ ਹਿੱਸਾ ਆਪਣੇ ਧਰਮ, ਡੇਰੇ, ਬਾਬੇ, ਸੰਤ, ਮਹਾਰਾਜ, ਪੀਰ, ਪਾਤਸ਼ਾਹ ਦੇ ਦਰ ਤੇ ਚੜ੍ਹਾਵੇ ਦੇ ਰੂਪ 'ਚ ਪਹੁੰਚਾ ਕੇ ਸੰਤੁਸ਼ਟ ਹੋ ਜਾਣਾ ਹੁੰਦਾ ਹੈ, ਹੋ ਜਾਣ ਦਾ ਭਰਮ ਪਾਲ ਲੈਣਾ ਹੁੰਦਾ ਹੈ। ਬਹੁ-ਗਿਣਤੀ ਲੋਕ ਕਿਸੇ ਨਾ ਕਿਸੇ ਧਰਮ ਨੂੰ ਮੰਨਣ ਵਾਲੇ ਹਨ। ਪ੍ਰੰਤੂ ਸਾਰੀ ਉਮਰ ਨਾ ਇਹ ਆਪਣਾ ਕੁਝ ਸੰਵਾਰਦੇ ਹਨ ਨਾ ਕਿਸੇ ਦਾ। ਸਿਰਫ਼ ਆਪਣੇ ਨਾਂ ਨੂੰ ਚਮਕਾਉਣ ਖ਼ਾਤਰ, ਚਲਦਾ ਰੱਖਣ ਲਈ, ਅਮਰ ਕਰਨ ਦੇ ਭੁਲੇਖੇ ਸ਼ਾਨ ਬਾਬਤ, ਵੱਡੇ-ਵੱਡੇ ਗੇਟਾਂ, ਕੋਠੀਆਂ, ਭਵਨਾਂ ਦਾ ਨਿਰਮਾਣ ਕਰਦੇ ਹਨ। ਆਪਣੇ ਪੁੱਤਰਾਂ, ਪੋਤਰਿਆਂ ਦੇ ਬਹਾਨੇ ਪੀੜ੍ਹੀ ਚਲਦੀ ਰੱਖਣ ਲਈ ਬੱਚੀ ਭਰੂਣ-ਹੱਤਿਆ ਵਰਗੇ ਕੁਕਰਮ ਕਰਦੇ ਹਨ।

ਪ੍ਰੰਤੂ ਇਹ ਇੰਨਾ ਨਹੀਂ ਜਾਣਦੇ ਕਿ ਗੇਟਾਂ, ਕੋਠੀਆਂ, ਭਵਨਾਂ ਜਾਂ ਪੁੱਤਰ-ਪੋਤਰਿਆਂ ਕਰਕੇ ਕਿਸੇ ਮਨੁੱਖ ਦਾ ਨਾਮ "ਸੱਚਾ ਨਾਮ" ਨਹੀਂ ਬਣਦਾ। ਸਿਰਫ਼ ਉਨ੍ਹਾਂ ਲੋਕਾਂ ਨੂੰ ਹੀ ਸਤਿਕਾਰ ਸਹਿਤ ਯਾਦ ਕੀਤਾ ਜਾਂਦਾ ਹੈ, ਜੋ ਪੂਰਨ ਮਨੁੱਖ ਹੁੰਦੇ ਹਨ ਅਤੇ ਆਪਣਾ ਹਿੱਤ ਤਿਆਗ ਕੇ ਮਾਨਵਤਾ ਦੀ ਭਲਾਈ ਖਾਤਰ ਸਾਰਾ ਜੀਵਨ ਦਿੰਦੇ ਹਨ। ਉਨ੍ਹਾਂ ਦੇ ਨਾਂ ਤੇ ਲੋਕ ਆਪ ਕੋਠੀਆਂ, ਗੇਟ, ਭਵਨ (ਪ੍ਰੇਰ

ਉਸਾਰ ਦਿੰਦੇ ਹਨ। ਜਿਹੜੇ ਲੋਕ ਅਜਿਹਾ ਨਹੀਂ ਕਰਦੇ ਉਨ੍ਹਾਂ ਦੇ ਬਣਾਏ ਕਿਲ੍ਹੇ ਦੀਆਂ ਨੀਹਾਂ ਵੀ ਲੋਕ ਪੁੱਟ ਸੁੱਟਦੇ ਹਨ। ਪਰ ਮਨੁੱਖਤਾਵਾਦੀ ਲੋਕਾਂ ਦੀ ਕੁੱਲੀ ਦੀ ਵੀ ਸੰਭਾਲ (ਪ੍ਰੇਰਨਾ ਸ੍ਰੋਤ ਦੇ ਤੌਰ 'ਤੇ) ਕੀਤੀ ਜਾਂਦੀ ਹੈ। ਕਿਸੇ ਦੀ ਸਹੀ ਤੇ ਸੱਚੀ ਪਛਾਣ ਉਸ ਦੇ ਸਰਬੱਤ ਦੇ ਭਲੇ ਵਾਲੇ ਕੰਮਾਂ ਕਾਰਨ ਹੁੰਦੀ ਹੈ ਨਾ ਕਿ ਪੁੱਤ-ਪੋਤਰਿਆਂ, ਕਾਰਾਂ, ਕੋਠੀਆਂ, ਭਵਨਾਂ ਦੀ ਗਿਣਤੀ ਕਾਰਨ।

ਇਸ ਗੱਲ ਨੂੰ ਸਮਝ ਦਾ ਹਿੱਸਾ ਬਣਾ ਕੇ ਸਰਬੱਤ ਦੇ ਭਲੇ ਵਾਲੇ ਕਾਰਜ ਨੂੰ ਪਹਿਲ ਦੇ ਆਧਾਰ ਤੇ ਕਰਨ ਦੇ ਯਤਨਾਂ ਦੀ ਸ਼ੁਰੂਆਤ ਬਿਨਾਂ ਦੇਰੀ ਕਰ ਦੇਣੀ ਚਾਹੀਦੀ ਹੈ। ਤਾਂ ਕਿ ਤੁਹਾਡਾ ਨਾਂ ਛੋਟਾ, ਅਧੂਰਾ, ਝੂਠਾ ਨਾ ਹੋ ਕੇ ਵੱਡਾ, ਪੂਰਾ ਅਤੇ "ਸੱਚਾ ਨਾਮ" ਹੋਰਨਾਂ ਲਈ ਪ੍ਰੇਰਨਾ ਸ੍ਰੋਤ ਦਾ ਚਿੰਨ੍ਹ ਬਣ ਸਦਾ ਚਮਕਦਾ ਰਹੇ।

ਨਾਮ ਜਪਣਾ-ਸਿਮਰਨ ਕਰਨਾ

ਨਾਮ ਜਪਣਾ ਤੇ ਸਿਮਰਨ ਕਰਨਾ ਦਾ ਅਰਥ ਜਾਪ ਕਰਨਾ, ਰਟਨ ਕਰਨਾ, ਮਾਲਾ ਫੇਰਨਾ, ਧਿਆਨ ਕਰਨਾ, ਕਿਸੇ ਨਾਮ (ਸ਼ਬਦ) ਦਾ ਇੱਕਾਗਰਚਿੱਤ ਹੋ ਅਭਿਆਸ ਕਰਨਾ ਪ੍ਰਚਲਿਤ ਹੈ ਅਤੇ ਮੰਨਿਆ ਜਾਂਦਾ ਹੈ। ਪ੍ਰੰਤੂ ਅਸਲ ਵਿੱਚ 'ਨਾਮ' ਜਪਣ ਦਾ ਮਤਲਬ ਕਿਸੇ ਦੇ ਵਿਚਾਰਾਂ ਨਾਲ ਸਹਿਮਤ ਹੋ ਕੇ, ਉਸਦੀ ਵਿਚਾਰਧਾਰਾ ਅਤੇ ਉਹਦੇ ਬਾਰੇ ਵਾਰ-ਵਾਰ ਜ਼ਿਕਰ ਕਰਨਾ ਹੈ।

ਆਮ ਜ਼ਿੰਦਗੀ 'ਚ ਕਿਸੇ ਵਿਅਕਤੀ ਦਾ ਨਾਂ ਲੈ ਕੇ ਕਿਹਾ ਜਾਂਦਾ ਹੈ ਕਿ ਅੱਜ ਕੱਲ੍ਹ ਉਹ ਫਲਾਣੇ ਵਿਅਕਤੀ ਦਾ 'ਨਾਮ' ਬਹੁਤ ਜਪਦਾ ਹੈ। ਇਸ ਤੋਂ ਭਾਵ ਉਪਜਦਾ ਹੈ ਕਿ ਉਹ ਉਸਦੀਆਂ ਗੱਲਾਂ, ਪ੍ਰੋਗਰਾਮ, ਵਿਚਾਰਾਂ ਨਾਲ ਸਹਿਮਤ ਹੈ। ਇਹੋ ਗੱਲ ਤੁਸੀਂ ਆਪਣੇ ਆਪ ਨਾਲ ਜੋੜ ਕੇ ਦੇਖ ਲਵੋ। ਉਨ੍ਹਾਂ ਹੋਰ ਲੋਕਾਂ ਨਾਲ ਸਬੰਧਤ ਕਰਕੇ ਦੇਖ ਸਕਦੇ ਹੋ? ਜੋ ਕਿਸੇ ਦੂਸਰੇ ਦਾ ਨਾਮ ਵਾਰ-ਵਾਰ ਦੁਹਰਾਉਂਦੇ ਹਨ। 'ਨਾਮ' ਜਪਣ ਦਾ ਭਾਵ ਸਪੱਸ਼ਟ ਹੋ ਜਾਵੇਗਾ।

ਪ੍ਰੰਤੂ ਕੋਈ ਕਿਸੇ ਦਾ 'ਨਾਮ' ਕਿਉਂ ਜਪਦਾ ਹੈ?

ਆਪਣੀ ਸਮਝ, ਜਾਣਕਾਰੀ ਅਤੇ ਲੋੜ ਦੇ ਅਧਾਰਤ ਹੀ ਕੋਈ ਕਿਸੇ ਦੇ ਵਿਚਾਰਾਂ ਨਾਲ ਸਹਿਮਤ ਹੁੰਦਾ ਹੈ। ਤੁਸੀਂ ਦੇਖਿਆ ਹੋਣਾ ਕਿ ਗਰਜ਼ ਪੂਰੀ ਕਰਨ ਖਾਤਰ, ਕਿਸੇ ਦਾ ਨਾਮ ਜਪਣ ਵਾਲੇ ਵਿਅਕਤੀ, ਲੋੜ ਪੂਰੀ ਹੋਣ ਤੱਕ ਹੀ ਕਿਸੇ ਦਾ ਨਾਮ ਜਪਦੇ ਹਨ। ਉਦੋਂ ਤੱਕ ਹੀ ਉਸਦੇ ਅਨੁਸਾਰ ਚੰਗੇ-ਮਾੜੇ ਕਾਰਜ ਕਰਦੇ ਹਨ। ਮਤਲਬ ਹੱਲ ਹੋਣ ਤੋਂ ਬਾਅਦ ਸਵਾਰਥੀ ਲੋਕਾਂ ਦੇ ਬੁੱਲ੍ਹਾਂ ਤੇ ਹੋਰ ਕਿਸੇ ਦੇ ਨਾਮ ਦੀ ਗੀਲ ਚੜ੍ਹ ਜਾਂਦੀ ਹੈ। ਜੇਕਰ ਉਨ੍ਹਾਂ ਦੀ ਮਨੋਕਾਮਨਾ ਸਮੇਂ ਸੀਮਾ ਵਿੱਚ ਪੂਰੀ ਨਾ ਹੋਵੇ ਜਾਂ ਦੇਰੀ ਹੋਣ ਦੀ ਸੰਭਾਵਨਾ ਦਾ ਪਤਾ ਲੱਗ ਜਾਵੇ ਤਾਂ ਵੀ ਉਹ ਨਵੇਂ 'ਨਾਮ' ਦੀ ਤਲਾਸ਼ ਵਿੱਚ ਤੁਰ ਜਾਂਦੇ ਹਨ।

ਦੂਸਰੇ ਪੱਖ ਵਿੱਚ ਕਹਿ ਸਕਦੇ ਹਾਂ ਕਿ ਜਦੋਂ ਕਿਸੇ ਦੀ ਆਪਣੀ ਜਾਣਕਾਰੀ, ਸਮਝ, ਪਹੁੰਚ ਦਾ ਪੱਧਰ ਵਧ ਜਾਂਦਾ ਹੈ। ਫਿਰ ਵੀ ਦੂਜੇ ਵੱਲ ਸ਼ਰਧਾ ਭਾਵ ਘਟਣ ਲੱਗਦਾ ਹੈ। ਸਮਝ, ਜਾਣਕਾਰੀ, ਗਿਆਨ ਤਾਂ ਹੀ ਵਧਦਾ ਹੈ ਜੇਕਰ ਵਿਚਾਰਾਂ 'ਤੇ ਅਮਲ ਕੀਤਾ ਜਾਵੇ। ਜਿਹੜੇ ਵਿਅਕਤੀ ਕਿਸੇ ਦੇ ਵਿਚਾਰਾਂ ਨਾਲ ਸਿਰਫ਼ ਸਹਿਮਤ ਹੁੰਦੇ ਹਨ। ਉਨ੍ਹਾਂ ਤੇ ਅਮਲ ਨਹੀਂ ਕਰਦੇ, ਉਹ ਅੰਧ-ਵਿਸ਼ਵਾਸੀ, ਲਾਈ-ਲੱਗ ਹੁੰਦੇ ਹਨ। ਉਹ ਸਿਰਫ਼ ਸ਼ਰਧਾ ਤੱਕ ਹੀ ਸੀਮਤ ਰਹਿੰਦੇ ਹਨ। ਉਹ ਅਮਲ ਤੋਂ ਬਿਨਾਂ ਹੀ ਕਰਾਮਾਤੀ ਨਤੀਜੇ ਦੀ ਆਸ ਤੇ ਸਮਾਂ ਬਰਬਾਦ ਕਰਦੇ ਰਹਿੰਦੇ ਹਨ। ਇਕੱਲੀ ਸ਼ਰਧਾ ਕਿਸੇ ਦੇ ਵੀ ਹਿੱਤ ਵਿੱਚ ਨਹੀਂ। ਇਹ ਕਿਸੇ ਦਾ ਕੁਝ ਵੀ ਨਹੀਂ ਸੰਵਾਰ ਸਕਦੀ। ਸ਼ਰਧਾ

ਤੋਂ ਭਾਵ ਸਹਿਮਤ ਹੋਣਾ, ਵਿਸ਼ਵਾਸ ਕਰਨਾ ਹੈ। ਸਹਿਮਤ ਹੋ ਕੇ ਅਮਲ ਕਰਨਾ ਬਣਦਾ ਹੈ। ਕਿਸੇ ਵਿਚਾਰ ਦੇ ਗਲਤ ਜਾਂ ਸਹੀ ਹੋਣ ਬਾਰੇ ਤਾਂ ਹੀ ਪਤਾ ਲੱਗੇਗਾ। ਜੇਕਰ ਉਸ ਨੂੰ ਅਮਲ ਵਿੱਚ ਲਿਆ ਕੇ ਪਰਖਾਂਗੇ। ਜਿਹੜੇ ਵਿਚਾਰ 'ਸਰਬੱਤ ਦਾ ਭਲਾ' ਕਰਨ ਵਿੱਚ ਸਹਾਈ ਨਹੀਂ ਹੋਣਗੇ, ਉਨ੍ਹਾਂ ਨੂੰ ਗਲਤ ਮੰਨਿਆ ਜਾਵੇਗਾ। ਅਜਿਹੇ ਵਿਚਾਰਾਂ ਵਿੱਚ ਸੋਧ ਕਰਨ ਦਾ ਕਾਰਜ ਅਮਲ ਉਪਰੰਤ ਹੀ ਸਾਹਮਣੇ ਆ ਸਕਦਾ ਹੈ। ਫਿਰ ਹੀ ਤਬਦੀਲੀ ਕੀਤੀ ਜਾ ਸਕਦੀ ਹੈ।

ਆਮ ਮਨੁੱਖ ਦੇ ਨਾਮ-ਜਪਣ ਦਾ ਮਤਲਬ ਤੇ ਮਕਸਦ ਸਿਰਫ਼ ਤਾਂ ਸਿਰਫ਼ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਤੱਕ ਹੀ ਸੀਮਤ ਹੈ। ਉਹ ਸਵਰਗ ਦੇ ਲਾਲਚ ਅਤੇ ਨਰਕ ਦੇ ਡਰ ਕਾਰਨ ਵੀ ਅਜਿਹਾ ਕਰਦਾ ਹੈ। ਰੋਜ਼ਾਨਾ ਸਵੇਰ-ਸ਼ਾਮ ਘਰ ਵਿੱਚ ਨਾਮ-ਸਿਮਰਨ/ਨਮਾਜ਼/ਪ੍ਰਾਰਥਨਾ/ਭਜਨ/ਸ਼ਬਦ/ਆਰਤੀ/ਧੂਫ਼-ਬੱਤੀ ਕਰਨ ਉਪਰੰਤ ਆਪਣੇ ਰੱਬ, ਗੁਰੂ, ਪੀਰ, ਪ੍ਰਭੂ ਅੱਗੇ ਅਰਜ, ਬੇਨਤੀ ਕਰਨ ਸਮੇਂ ਨਿੱਜੀ ਮੰਗਾਂ ਦੀ ਸੂਚੀ ਪੜ੍ਹਨ ਲੱਗ ਜਾਂਦਾ ਹੈ। ਜਦੋਂ ਉਹ ਕਿਸੇ ਧਾਰਮਿਕ ਸਥਾਨ ਤੇ ਜਾਂਦਾ ਹੈ ਤਾਂ ਉੱਥੇ ਵੀ ਹੱਥ ਜੋੜ ਕੇ ਆਪਣੀਆਂ ਮੰਗਾਂ ਦੀ ਸੂਚੀ ਸੁਣਾਉਣੀ ਸ਼ੁਰੂ ਕਰ ਦਿੰਦਾ ਹੈ। ਜਿਸ ਨੂੰ ਵਾਰ-ਵਾਰ ਦੁਹਰਾ ਕੇ ਦੱਸਦਾ ਹੈ ਜਿਵੇਂ ਕਿਸੇ ਥੋੜ੍ਹੀ ਸਮਝ ਵਾਲੇ ਜਾਂ ਉੱਚੀ ਸੁਣਨ ਵਾਲੇ (ਬੋਲੇ ਬੰਦੇ) ਨੂੰ ਦੱਸਿਆ ਜਾਂਦਾ ਹੈ। ਇੱਕ ਪਾਸੇ ਤਾਂ ਆਪਣੇ ਰੱਬ, ਗੁਰੂ, ਪੀਰ ਨੂੰ ਅੰਤਰਜਾਮੀ, ਜਾਣੀ-ਜਾਣ ਸਮਝਦਾ ਤੇ ਪ੍ਰਚਾਰਦਾ ਹੈ। ਜਦੋਂ ਕਿ ਦੂਜੇ ਬੰਨ੍ਹੇ ਇੱਕੋ ਗੱਲ ਨੂੰ ਹੀ ਕਈ-ਕਈ ਵਾਰ ਬੋਲ ਕੇ ਦੱਸ ਰਿਹਾ ਹੁੰਦਾ ਹੈ। ਜਿਸ ਤਰ੍ਹਾਂ ਉਸਨੂੰ ਸਮਝ ਨਾ ਆ ਰਹੀ ਹੋਵੇ ਜਾਂ ਸੁਣ ਨਾ ਰਹੀ ਹੋਵੇ। ਪ੍ਰੰਤੂ ਜੇਕਰ ਉਹ ਅੰਤਰਜਾਮੀ ਹਨ ਤਾਂ ਉਨ੍ਹਾਂ ਨੂੰ ਬੇਨਤੀਆਂ ਕਰਕੇ ਦੱਸਣ ਦੀ ਲੋੜ ਨਹੀਂ ਸਮਝਣੀ ਚਾਹੀਦੀ। ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਜਾਂ ਤਾਂ ਉਹ ਜਾਣੀ-ਜਾਣ ਨਹੀਂ ਜਾਂ ਬੇਨਤੀ ਕਰਤਾ ਨੂੰ ਉਸ ਤੇ ਅਟੁੱਟ ਵਿਸ਼ਵਾਸ ਨਹੀਂ। ਜੇਕਰ ਵਿਸ਼ਵਾਸ ਹੁੰਦਾ ਤਾਂ ਉਸਨੇ ਬੇਨਤੀ, ਅਰਜ਼ ਕਰਨ ਦੀ ਲੋੜ ਨਹੀਂ ਸੀ ਸਮਝਣੀ।

ਪ੍ਰੰਤੂ ਅੰਨ੍ਹੀ-ਸ਼ਰਧਾ ਵੱਸ ਸ਼ਰਧਾਲੂ, ਕਿੰਤੂ-ਪ੍ਰੰਤੂ ਕਰਨ ਦੀ ਹਿੰਮਤ ਨਹੀਂ ਰੱਖਦੇ। ਉਹ ਤਾਂ ਕੇਵਲ ਬੇਨਤੀਆਂ, ਪ੍ਰਾਰਥਨਾਵਾਂ ਕਰਕੇ ਸੁੱਖਾਂ ਪੂਰੀਆਂ ਕਰਨ ਲਈ ਹੀ ਕਹਿ ਸਕਦੇ ਹਨ। ਜਿਸ ਦਾ ਨਤੀਜਾ ਭਾਵੇਂ ਕੋਈ ਵੀ ਨਿਕਲੇ। ਆਮ ਸੇਵਕ ਰੋਜ਼ਾਨਾ ਆਪਣੇ ਰੱਬ, ਗੁਰੂ, ਪੀਰ ਤੋਂ ਘਰ-ਪਰਿਵਾਰ ਦੀ ਸੁੱਖ-ਸ਼ਾਂਤੀ, ਬੱਚਿਆਂ ਦੇ ਪਾਸ ਹੋਣ, ਘਰ ਦੇ ਕਿਸੇ ਜੀਅ ਦੀ ਨੌਕਰੀ ਲੱਗਣ, ਵਿਦੇਸ਼ ਜਾਣ ਬਾਰੇ, ਮੁੰਡਾ ਹੋਣ ਸਬੰਧੀ, ਕਮਾਈ ਵਿੱਚ ਵਾਧੇ, ਪਸ਼ੂਆਂ ਦੀ ਸੁੱਖ-ਸਾਂਦ ਆਦਿ ਵਰਗੀਆਂ ਹੋਰ ਮੰਗਾਂ ਦੀ ਮੰਨਤ ਮੰਗਦੇ ਹਨ। ਕੋਈ ਅਜਿਹੀ ਸੁੱਖ ਨਹੀਂ ਸੁੱਖਦਾ, ਮੰਨਤ ਨਹੀਂ ਮੰਗਦਾ, ਜਿਸ ਦੇ ਪਹਿਲਾਂ ਹੀ ਨਾ ਪੂਰੀ ਹੋਣ ਦੀ ਉਮੀਦ ਹੋਵੇ। ਪ੍ਰੰਤੂ ਉਪਰੋਕਤ ਵਾਲੀਆਂ ਮੰਗਾਂ ਵਿੱਚੋਂ

ਵੀ ਬਹੁਤਿਆਂ ਦੀਆਂ ਪੂਰੀਆਂ ਨਹੀਂ ਹੁੰਦੀਆਂ। ਐਪਰ ਕੋਈ ਵੀ ਅਜਿਹੀ ਸੁੱਖ ਨਹੀਂ ਸੁੱਖਦਾ ਮੇਰਾ ਬੱਚਾ ਦੇਸ਼ ਦਾ ਪ੍ਰਧਾਨ ਮੰਤਰੀ ਬਣੇ, ਅਮਰੀਕਾ ਦਾ ਰਾਸ਼ਟਰਪਤੀ ਬਣੇ, ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣੇ, ਮਹਿੰਗਾਈ ਘੱਟ ਹੋ ਜਾਵੇ, ਐਕਸੀਡੈਂਟ ਬਿਲਕੁੱਲ ਬੰਦ ਹੋ ਜਾਣ, ਕੋਈ ਭੁੱਖਾ ਨਾ ਮਰੇ, ਨਲਕੇ ਵਿੱਚੋਂ ਦੁੱਧ ਨਿੱਕਲਣ ਲੱਗੇ, ਨਿੰਮ ਨੂੰ ਪਤਾਸੇ ਲੱਗਣ ਆਦਿ। ਅਜਿਹੀਆਂ ਸੁੱਖਾਂ-ਸੁੱਖਣ ਨਾਲ ਹੀ ਕਿਸੇ ਰੱਬ, ਗੁਰੂ, ਪੀਰ, ਸੰਤ, ਬਾਬੇ ਦੀ ਸ਼ਕਤੀ ਦਾ ਸਹੀ ਰੂਪ ਵਿੱਚ ਪਤਾ ਲੱਗ ਸਕਦਾ ਹੈ। ਸੁੱਖ ਪੂਰੀ ਹੋਣ, ਕਰਨ ਦੀ ਕੋਈ ਵੀ ਸਮੇਂ ਸੀਮਾ ਤਹਿ ਨਹੀਂ ਕੀਤੀ ਜਾਂਦੀ। ਇਸ ਦਾ ਹੀ ਲਾਭ ਸੰਤ, ਬਾਬੇ, ਡੇਰੇਦਾਰ ਨੂੰ ਹੁੰਦਾ ਹੈ। 'ਉਹਦੇ ਘਰ ਦੇਰ ਹੈ, ਅੰਧੇਰ ਨਹੀਂ' ਕਹਿ ਕੇ, ਕਿਸੇ ਹੋਰ ਕਾਰਨ (ਕੁਦਰਤੀ) ਜਾਂ ਮਨੁੱਖੀ ਯਤਨਾਂ ਨਾਲ ਪੂਰੀ ਹੋਈ ਮੰਨਤ ਨੂੰ ਇਹ ਆਪਣੇ ਖਾਤੇ ਪਾ ਲੈਂਦੇ ਹਨ। ਜਿਸ ਨੂੰ ਕਿਸੇ ਰੱਬੀ/ਗ਼ੈਬੀ ਸ਼ਕਤੀ ਦੀ ਮੇਹਰਬਾਨੀ, ਕ੍ਰਿਪਾ ਅਤੇ ਆਪਣੇ ਆਸ਼ੀਰਵਾਦ ਨਾਲ ਜੋੜ ਕੇ ਦੱਸਦੇ ਹਨ। ਲਾਈਲੱਗ, ਅੰਧ-ਵਿਸ਼ਵਾਸੀ ਪੈਰੋਕਾਰ ਅਜਿਹੀ ਕਿਸੇ ਘਟਨਾ ਨੂੰ ਪ੍ਰਚਾਰ ਵਿੱਚ ਸ਼ਾਮਲ ਕਰਕੇ ਹੋਰ ਲੋਕਾਂ ਨੂੰ ਪ੍ਰਭਾਵਤ ਕਰਦੇ ਹਨ। ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਦੁਖੀ, ਲਾਈਲੱਗ, ਅੰਧ-ਵਿਸ਼ਵਾਸੀ ਲੋਕ ਉਨ੍ਹਾਂ ਵੱਲ ਨੂੰ ਇੱਛਾ ਪੂਰਨ, ਦੁੱਖ ਦੂਰ ਕਰਨ, ਕਤਾਰਾਂ ਬੰਨ੍ਹ ਹੋ ਤੁਰਦੇ ਹਨ।

ਜੇਕਰ ਕਿਸੇ ਦੀ ਸਮੱਸਿਆ ਹੱਲ ਨਹੀਂ ਹੁੰਦੀ, ਫਿਰ ਵੀ ਬਹੁ-ਗਿਣਤੀ ਉਸਦੇ ਕਾਰਨਾਂ ਨੂੰ ਸਮਝ ਕੇ ਹੱਲ ਕਰਨ ਦੀ ਬਜਾਏ, ਕਿਸਮਤ, ਜਨਮ-ਕਰਮ ਅਤੇ ਉਸਦੀ (ਰੱਬ, ਗੁਰੂ, ਪੀਰ) ਦੀ ਇੱਛਾ ਤੇ ਫੈਸਲਾ ਛੱਡ ਦਿੰਦੇ ਹਨ। ਅੰਧ-ਵਿਸ਼ਵਾਸੀ ਵਿਅਕਤੀ ਸ਼ਰਧਾ ਵੱਸ ਮੰਨਣ ਲੱਗ ਜਾਂਦਾ ਹੈ ਕਿ ਉਸਦੇ ਪਿਛਲੇ ਜਨਮ ਦਾ ਕੋਈ ਹਿਸਾਬ-ਕਿਤਾਬ ਬਰਾਬਰ ਹੋ ਰਿਹਾ ਹੈ। ਜਿਸ ਕਾਰਨ ਉਹ ਆਪਣੀਆਂ ਮੁਸ਼ਕਲਾਂ ਦੇ ਕਾਰਨਾਂ ਪ੍ਰਤੀ ਸੋਚਣ ਦੀ ਥਾਂ ਦੁੱਖ-ਸਹਿਣ ਵਿੱਚ ਹੀ ਆਪਣਾ ਭਲਾ ਸਮਝਣ ਲੱਗ ਜਾਂਦਾ ਹੈ।

ਉਂਝ ਵੀ ਹਰ ਮਸਲੇ ਦਾ ਹੱਲ 'ਨਾਮ-ਜਪਣਾ' ਦੱਸਿਆ ਜਾਂਦਾ ਹੈ ਅਤੇ ਸ਼ਰਧਾਲੂਆਂ ਦੀ ਸਮਝ ਦਾ ਹਿੱਸਾ ਬਣਾ ਦਿੱਤਾ ਜਾਂਦਾ ਹੈ। ਅਜਿਹੀ ਸੋਚ ਤਹਿਤ ਉਹ ਇਸ ਜਨਮ ਨੂੰ ਸੁਧਾਰਨ ਦੀ ਬਜਾਏ ਬਹੁਤਾ ਸਵਰਗ ਪ੍ਰਾਪਤੀ ਦੇ ਲਾਲਚ ਵਿੱਚ ਆਪਣਾ ਵਕਤ ਜਾਇਆ ਕਰਨ ਲੱਗ ਜਾਂਦਾ ਹੈ। ਆਪਣੀ ਦੁੱਖਾਂ, ਮੁਸ਼ਕਲਾਂ ਭਰੀ ਨਰਕ ਵਰਗੀ ਇਸ ਜ਼ਿੰਦਗੀ ਨੂੰ ਮਾਨਣਯੋਗ ਬਣਾਉਣ ਲਈ ਕੀਤੇ ਜਾਂਦੇ ਯਤਨਾਂ ਤੋਂ ਪਾਸਾ ਵੱਟ ਲੈਂਦਾ ਹੈ।

ਕਿਸੇ ਧਰਮ ਸੰਤ, ਬਾਬੇ, ਪੀਰ, ਡੇਰੇਦਾਰ ਨੂੰ ਮੰਨਣ ਤੋਂ ਵੀ ਅਸਲ ਭਾਵ ਇਹ ਹੀ ਹੈ ਕਿ ਉਸਦੇ ਵਿਚਾਰਾਂ ਨਾਲ ਸਹਿਮਤ ਹੋਣਾ, ਵਿਸ਼ਵਾਸ ਕਰਨਾ। ਉਹਨਾਂ ਵਿਚਾਰਾਂ ਪ੍ਰਤੀ ਸ਼ਰਧਾ ਭਾਵ ਰੱਖਣਾ ਤੇ ਅਮਲ ਕਰਨਾ। ਪ੍ਰੰਤੂ ਕਿਸੇ ਧਰਮ, ਸੰਤ, ਬਾਬੇ, ਪੀਰ, ਡੇਰੇਦਾਰ ਨੂੰ ਮੰਨਣ ਵਾਲੇ ਉਹਨਾਂ ਦੀ ਕਿਸੇ ਚੰਗੀ-ਮਾੜੀ ਵਿਚਾਰਧਾਰਾ ਤੋਂ ਪ੍ਰਭਾਵਤ

ਹੋ ਕੇ ਨਹੀਂ ਮੰਨ ਰਹੇ/ਪੂਜ ਰਹੇ/ਸੇਵਕ ਬਣ ਰਹੇ। ਉਹ ਤਾਂ ਉਹਨਾਂ ਵੱਲੋਂ ਪ੍ਰਚਾਰੀਆਂ ਜਾਂਦੀਆਂ ਕਰਾਮਾਤੀ ਕਹਾਣੀਆਂ, ਸਾਖ਼ੀਆਂ ਤੋਂ ਪ੍ਰਭਾਵਤ ਹੋ ਕੇ ਸੇਵਕ ਬਣਦੇ ਹਨ। ਉਹਨਾਂ ਦਾ ਮਕਸਦ ਤਾਂ ਇਨ੍ਹਾਂ ਕਰਾਮਾਤੀ ਕਹਾਣੀਆਂ, ਸਾਖੀਆਂ ਦੇ ਪਾਤਰਾਂ ਦੀਆਂ ਪੂਰੀਆਂ ਹੋ ਗਈਆਂ ਮੰਨਤਾਂ, ਸੁੱਖਾਂ, ਮਨੋਕਾਮਨਾਵਾਂ ਵਾਂਗ ਆਪਣੀਆਂ ਉਮੀਦਾਂ, ਪੂਜਾ, ਬੇਨਤੀਆਂ, ਦਾਨ, ਸੇਵਾ ਕਰਕੇ ਪੂਰੀਆਂ ਕਰਨਾ ਹੁੰਦਾ ਹੈ। ਜੇਕਰ ਉਨ੍ਹਾਂ ਦੀ ਤਮੰਨਾ ਪੂਰੀ ਨਹੀਂ ਹੁੰਦੀ ਤਾਂ ਉਹ ਕਿਸੇ ਹੋਰ ਧਰਮ, ਡੇਰੇ, ਸੰਤ, ਬਾਬੇ, ਪੀਰ ਵੱਲ ਜਾਣ ਤੋਂ ਵੀ ਕੋਈ ਝਿਜਕ ਮਹਿਸੂਸ ਨਹੀਂ ਕਰਦੇ। ਲੋਕਾਈ ਭਰਮ-ਜਾਲ 'ਚ ਫਸੀ ਹੋਈ, ਇੱਕ ਡੇਰੇ ਤੋਂ ਦੂਜੇ ਡੇਰੇ, ਇੱਕ ਸੰਤ-ਬਾਬੇ ਤੋਂ ਦੂਜੇ ਸੰਤ-ਬਾਬੇ ਕੋਲ, ਇੱਕ ਧਰਮ ਤੋਂ ਦੂਜੇ ਧਰਮ ਵੱਲ ਰਿਲੇਅ ਦੌੜ ਵਾਂਗ ਦੌੜੀ ਜਾ ਰਹੇ ਹਨ। ਜਿਸ ਦਾ ਅੰਤ ਅਜੇ ਨੇੜੇ ਨਹੀਂ ਦਿਸ ਰਿਹਾ। ਇਹ ਇਸ ਕਰਕੇ ਕਿ ਮਹਿੰਗਾਈ ਲਗਾਤਾਰ ਵਧ ਰਹੀ ਹੈ। ਬਾ-ਰੁਜ਼ਗਾਰ ਲੋਕਾਂ ਦਾ ਰੁਜ਼ਗਾਰ ਖੁਸ ਰਿਹਾ ਹੈ। ਬੇ-ਰੁਜ਼ਗਾਰਾਂ ਦੇ ਅਨੁਪਾਤ ਵਿੱਚ ਰੁਜ਼ਗਾਰ ਪੈਦਾ ਕਰਨ ਦਾ ਕੋਈ ਪ੍ਰਬੰਧ ਨਹੀਂ ਸਿਰਜਿਆ ਜਾ ਰਿਹਾ। ਸਿੱਖਿਆ ਅਤੇ ਸਿਹਤ-ਸੇਵਾਵਾਂ ਅਤੀ ਮਹਿੰਗੀਆਂ ਹੋ ਜਾਣ ਕਾਰਨ ਆਮ ਆਦਮੀ ਤਾਂ ਕੀ ਮੱਧ ਵਰਗੀ ਪਰਿਵਾਰਾਂ ਦੀ ਪਹੁੰਚ ਤੋਂ ਵੀ ਬਾਹਰ ਹੋ ਗਈਆਂ ਹਨ। ਆਮ ਆਦਮੀ ਛੋਟੀ ਜਿਹੀ ਬਿਮਾਰੀ ਦਾ ਇਲਾਜ ਕਰਵਾਉਣ ਤੋਂ ਵੀ ਅਸਮਰੱਥ ਹੋ ਚੁੱਕਾ ਹੈ ਤੇ ਬੇ-ਇਲਾਜ ਮਰਨ ਲਈ ਮਜ਼ਬੂਰ ਹੈ। ਗਰੀਬ-ਅਮੀਰ ਦਾ ਪਾੜਾ ਲਗਾਤਾਰ ਵਧ ਰਿਹਾ ਹੈ। ਵਧ ਮੁਨਾਫ਼ੇ ਦੀ ਦੌੜ ਦੇ ਕਾਰਨ ਲਗਭਗ ਹਰ ਵਸਤੂ ਵਿੱਚ ਮਿਲਾਵਟ ਕੀਤੀ ਜਾ ਰਹੀ ਹੈ। ਹੁਣ ਤਾਂ ਜੀਵਨ ਰੱਖਿਅਕ ਦਵਾਈਆਂ, ਦੁੱਧ ਅਤੇ ਘਿਉ ਵਰਗੀਆਂ ਵਸਤਾਂ ਵੀ ਇਸਦੇ ਘੇਰੇ ਵਿੱਚ ਆ ਗਈਆਂ ਹਨ। ਸਰਮਾਏਦਾਰੀ (ਅਮੀਰੀ) ਨੇ ਨਿੱਜਵਾਦ ਦੀ ਸੋਚ ਦਾ ਉਭਾਰ ਇਸ ਪੱਧਰ ਤੱਕ ਕਰ ਦਿੱਤਾ ਹੈ ਕਿ ਹਰ ਕੋਈ ਸਿਰਫ਼ ਆਪਣੇ ਭਲੇ ਬਾਰੇ ਸੋਚ ਰਿਹਾ ਹੈ। ਜਿਸ ਕਾਰਨ ਸਾਂਝੇ ਪਰਿਵਾਰ ਖ਼ਤਮ ਹੋ ਗਏ ਹਨ, ਹੋ ਰਹੇ ਹਨ। ਇਸ ਤੋਂ ਅੱਗੇ ਇੱਕਹਿਰੇ ਪਰਿਵਾਰ ਵੀ ਇਸ ਸੋਚ ਨੇ ਖੇਰੂੰ-ਖੇਰੂੰ ਕਰ ਦੇਣੇ ਹਨ। ਜਿਸ ਨਾਲ ਬੱਚਿਆਂ, ਮਾਪਿਆਂ ਅਤੇ ਔਰਤਾਂ ਦੀਆਂ ਸਮੱਸਿਆਵਾਂ ਹੋਰ ਵਧਣਗੀਆਂ। ਸਮਾਜ ਵਿੱਚ ਨਸ਼ਿਆਂ ਦੀ ਵਰਤੋਂ, ਖ਼ੁਦਕਸ਼ੀਆਂ ਅਤੇ ਅਪਰਾਧਾਂ ਵਿੱਚ ਹੋਰ ਵਾਧਾ ਹੋਵੇਗਾ। ਨਿੱਤ ਦੀ ਪ੍ਰੇਸ਼ਾਨੀ ਮਾਨਸਿਕ ਰੋਗੀਆਂ ਵਿੱਚ ਹੋਰ ਵਾਧਾ ਕਰੇਗੀ। ਆਰਥਿਕ ਅਤੇ ਮਾਨਸਿਕ ਤੌਰ 'ਤੇ ਟੁੱਟ ਚੁੱਕੇ ਲੋਕ ਸੰਤ, ਬਾਬਿਆਂ, ਡੇਰੇਦਾਰਾਂ, ਧਰਮ ਪ੍ਰਚਾਰਕਾਂ ਦੇ ਚੁੰਗਲ ਵਿੱਚ ਬਹੁਤ ਜਲਦੀ ਫਸਦੇ ਹਨ। ਜਦੋਂ ਤੱਕ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਸਹੀ ਰੂਪ ਵਿੱਚ ਨਹੀਂ ਦਿੱਤੀਆਂ ਜਾਂਦੀਆਂ। ਪੱਕੇ ਰੁਜ਼ਗਾਰ, ਸਮਾਜਿਕ ਸੁਰੱਖਿਆ ਲਈ ਕੋਈ ਪ੍ਰਬੰਧ ਨਹੀਂ ਸਿਰਜਿਆ ਜਾਂਦਾ, ਤਦ ਤਕ ਇਹ 'ਨਾਮ ਜਪਣ' ਦਾ 'ਟਾਨਿਕ' ਵੱਡੀ ਮਾਤਰਾ ਵਿੱਚ ਵਿਕਦਾ ਹੀ ਰਹਿਣਾ ਹੈ।

ਸਿਮਰਨ ਕਰਨ ਦਾ ਅਰਥ ਵੀ ਕਿਸੇ ਨਾਮ (ਸ਼ਬਦ) ਨੂੰ ਵਾਰ-ਵਾਰ ਦੁਹਰਾਉਣਾ, ਚੇਤੇ ਕਰਨਾ, ਯਾਦ ਕਰਨਾ ਹੈ। ਪਰ ਸਭ ਨੂੰ ਪਤਾ ਹੈ, ਚੇਤੇ ਉਸਨੂੰ ਹੀ ਕੀਤਾ ਜਾਂਦਾ ਹੈ, ਜੋ ਭੁੱਲ ਗਿਆ ਹੋਵੇ, ਦੂਰ ਚਲੇ ਜਾਵੇ ਜਾਂ ਜਿਹੜੀ ਵਸਤੂ/ਵਿਅਕਤੀ ਗੁਆਚ ਗਿਆ ਹੋਵੇ। ਜਿਹੜੀ ਵਸਤੂ ਜਾਂ ਵਿਅਕਤੀ ਸਾਹਮਣੇ ਹੋਵੇ ਉਸਨੂੰ ਯਾਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਰੱਬ ਦਾ ਸਿਮਰਨ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ ਉਹ ਗੁੰਮ ਗਿਆ ਹੋਵੇ ਜਾਂ ਭੁੱਲ ਗਿਆ ਹੋਵੇ। ਇਹ ਸੰਭਵ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਰੱਬ ਦੀ ਮੌਜੂਦਗੀ ਤਾਂ ਹਰ ਥਾਂ ਮੰਨੀ ਜਾਂਦੀ ਹੈ। ਕਿਸੇ ਨੇ ਕਿਹਾ ਹੈ ਕਿ "ਕੰਮ ਹੀ ਪੂਜਾ ਹੈ, ਪੂਜਾ ਕੋਈ ਕੰਮ ਨਹੀਂ।" ਇਹ ਵੀ ਕਿਹਾ ਜਾਂਦਾ ਹੈ ਕਿ "ਚੰਮ ਨਹੀਂ ਪਿਆਰਾ, ਕੰਮ ਹੀ ਸਭ ਨੂੰ ਪਿਆਰਾ ਹੈ" ਭਾਵ ਕੰਮ ਦੀ ਹੀ ਕਦਰ ਹੁੰਦੀ ਹੈ। ਜੇਕਰ ਸਿਮਰਨ ਕਰਨਾ, ਨਾਮ ਜਪਣਾ ਕੰਮ ਨਹੀਂ ਮੰਨਿਆ ਜਾਂਦਾ ਤਾਂ ਇਸ ਦੀ ਕਦਰ ਕਿਉਂ ਤੇ ਕਿਵੇਂ ਕੀਤੀ ਜਾਵੇ? ਜਦੋਂ ਕਿਸੇ 'ਨਾਮ' ਸ਼ਬਦ ਨੂੰ ਵਾਰ-ਵਾਰ ਜਪਣ, ਰਟਣ ਨਾਲ ਕੋਈ ਨਤੀਜਾ ਹੀ ਨਹੀਂ ਨਿਕਲਣਾ। ਫਿਰ ਤਾਂ ਅਜਿਹਾ ਕੰਮ (ਪਾਖੰਡ) ਤਿਆਗ ਹੀ ਦੇਣਾ ਚਾਹੀਦਾ ਹੈ।

ਪ੍ਰੰਤੂ ਜੇਕਰ ਯਾਦ ਹੀ ਕਰਨਾ ਹੈ ਤਾਂ ਆਪਣੇ ਇਤਿਹਾਸ ਨੂੰ ਯਾਦ ਕਰੋ। ਜਿਹੜਾ ਮਨੁੱਖ ਨੂੰ ਸਿਆਣਾ ਬਣਾਉਂਦਾ ਹੈ। ਲੋਕ ਪਿਛਲੇ ਸਮੇਂ 'ਚ ਕੀਤੀਆਂ ਗਲਤੀਆਂ ਤੋਂ ਸਬਕ ਸਿੱਖਦੇ ਹਨ। ਜਿਹੜੇ ਲੋਕ ਆਪਣੇ ਇਤਿਹਾਸ ਨੂੰ ਯਾਦ ਨਹੀਂ ਰੱਖਦੇ, ਉਹਨਾਂ ਨੂੰ ਇਤਿਹਾਸ ਵੀ ਭੁਲਾ ਦਿੰਦਾ ਹੈ। ਜਿਹਨਾਂ ਮਹਾਨ ਵਿਅਕਤੀਆਂ ਨੇ ਮਾਨਵਤਾ ਦੀ ਭਲਾਈ ਲਈ ਆਪਣੀਆਂ ਕੁਰਬਾਨੀਆਂ ਦਿੱਤੀਆਂ। ਭੁੱਖੇ ਰਹਿ-ਰਹਿ, ਮਾਨਸਿਕ, ਸਰੀਰਕ ਦੁੱਖ ਝੱਲ ਕੇ ਨਵੀਆਂ ਪੈੜਾਂ ਪਾਈਆਂ, ਖੋਜਾਂ ਕੀਤੀਆਂ। ਇਸ ਮਨੁੱਖੀ ਜੀਵਨ ਨੂੰ ਸੋਹਣਾ ਤੇ ਸੁਖਾਲਾ ਬਣਾਉਣ ਲਈ ਘਾਲਣਾਵਾਂ ਘਾਲ਼ੀਆਂ। ਅਜਿਹੇ ਅਸਲੀ ਇਨਸਾਨਾਂ ਦਾ 'ਨਾਮ ਜਪਣਾ' ਚਾਹੀਦਾ ਹੈ। ਉਨ੍ਹਾਂ ਦੇ ਵਿਚਾਰਾਂ ਤੇ ਅਮਲ ਕਰਕੇ ਹੋਰ ਨਵੇਂ ਤਜ਼ਰਬਿਆਂ ਨਾਲ ਅੱਗੇ ਵਧਣਾ ਚਾਹੀਦਾ ਹੈ। ਦੁਨੀਆਂ ਦਾ ਇਤਿਹਾਸ ਉਨ੍ਹਾਂ ਚੰਦ ਲੋਕਾਂ ਦਾ ਇਤਿਹਾਸ ਹੈ, ਜਿਨ੍ਹਾਂ ਨੇ ਆਪਣੇ ਆਪ ਤੇ ਵਿਸ਼ਵਾਸ ਕੀਤਾ। ਹਰ ਮਨੁੱਖ ਨੂੰ ਆਤਮ-ਵਿਸ਼ਵਾਸ ਪੈਦਾ ਕਰਨਾ ਚਾਹੀਦਾ ਹੈ। ਇਹ ਹੀ ਸਫਲਤਾ ਦਾ ਰਾਜ਼ ਹੈ, ਬਹਾਦਰੀ ਦਾ ਸਾਰ ਹੈ। ਨਾਮ-ਜਪਣ ਦਾ ਅਸਲੀ ਕਾਰਜ ਹੈ, ਆਪਣੀ ਹੋਂਦ ਨੂੰ ਸਵੀਕਾਰ ਕਰਨਾ, ਯਾਦ ਰੱਖਣਾ, ਅਮਲ ਕਰਨਾ। ਜੀਵਨ ਕਿੰਨਾ ਵੀ ਛੋਟਾ ਹੋਵੇ ਸਮੇਂ ਦੀ ਬਰਬਾਦੀ ਨਾਲ ਹੋਰ ਵੀ ਛੋਟਾ ਬਣ ਜਾਂਦਾ ਹੈ। ਆਓ ਸਾਰੇ ਮਾਨਵਤਾ ਦੇ ਭਲੇ ਦਾ ਮਹਾਨ ਉਦੇਸ਼ ਸਾਹਮਣੇ ਰੱਖ ਕੇ ਬਿਨਾਂ ਸਮਾਂ ਗਵਾਏ, ਸਾਰਥਿਕ ਯਤਨ ਅਰੰਭੀਏ ਤੇ ਨਵੀਆਂ ਪੈੜਾਂ ਪਾਈਏ।

'ਨਾਮ ਜਪੋ' ਹੋਕੇ ਦੇ ਆਰ-ਪਾਰ

ਗਰਮੀਆਂ ਦੇ ਦਿਨਾਂ ਵਿੱਚ ਗਲ਼ੀ-ਗਲ਼ੀ ਘੁੰਮ ਫਿਰ ਕੇ ਕੁਲਫ਼ੀ ਵੇਚਣ ਵਾਲਿਆਂ ਦਾ ਹੋਕਾ ਤਾਂ ਸ਼ਾਇਦ ਕਿਸੇ ਵਿਅਕਤੀ ਦੀ ਪਹੁੰਚ ਤੋਂ ਬਾਹਰ ਰਹਿ ਗਿਆ ਹੋਵੇ। ਪਰ 'ਨਾਮ' ਜਪਾਉਣ ਵਾਲਿਆਂ ਨੇ 'ਨਾਮ ਜਪੋ' ਦੇ ਹੋਕੇ ਦੀ ਆਵਾਜ਼ ਹਰ ਘਰ ਦੇ ਹਰੇਕ ਜੀਅ ਤੱਕ ਜ਼ਰੂਰ ਪਹੁੰਚਾਉਣ ਦੀ ਪੂਰੀ ਵਾਹ ਲਗਾਈ ਹੋਈ ਹੈ। ਹਰ ਪਾਸੇ 'ਨਾਮ ਜਪੋ', 'ਨਾਮ ਜਪੋ' ਦਾ ਅਲਾਪ ਹੀ ਸੁਣਾਈ ਦੇ ਰਿਹਾ ਹੈ। ਜਿਸ ਤਰ੍ਹਾਂ ਪੰਜਾਬ ਵਿੱਚ ਪਿੰਡਾਂ-ਸ਼ਹਿਰਾਂ ਦੇ ਹਰ ਮੋੜ ਤੇ ਠੇਕਾ ਦਿਖਾਈ ਦੇ ਰਿਹਾ ਹੈ। ਇਸ ਤੋਂ ਵੱਡੀ ਗਿਣਤੀ 'ਚ ਧਾਰਮਿਕ ਸਥਾਨ (ਮੰਦਰ, ਗੁਰਦੁਆਰੇ, ਮਸੀਤਾਂ, ਮੜ੍ਹੀਆਂ, ਸਤਿਸੰਗ ਘਰ) ਬਣ ਗਏ ਹਨ। ਆਬਾਦੀ ਵਾਲੇ ਖੇਤਰਾਂ ਵਿੱਚ ਤਾਂ ਘੱਟ-ਘੱਟ ਹਰ ਸੌ ਮੀਟਰ ਤੇ ਜ਼ਰੂਰ ਕੋਈ ਨਾ ਕੋਈ ਪੂਜਾ ਸਥਾਨ ਬਣ ਗਿਆ ਹੈ, ਬਣ ਰਿਹਾ ਹੈ। ਇੰਜ ਹੀ ਖੇਤਾਂ, ਰੇਲਵੇ ਲਾਈਨਾਂ, ਨਹਿਰਾਂ, ਸੜਕਾਂ ਦੇ ਕਿਨਾਰਿਆਂ ਤੇ ਵੀ ਇਨਾਂ ਦੀ ਗਿਣਤੀ ਵਿੱਚ ਰਾਕਟ ਦੀ ਰਫ਼ਤਾਰ ਨਾਲ ਵਾਧਾ ਹੋ ਰਿਹਾ ਹੈ। ਇਸ ਤੋਂ ਬਿਨਾਂ ਘਰਾਂ ਵਿੱਚ ਵੀ ਪੂਜਾ ਸਥਾਨ ਬਣਾਉਣ ਦਾ ਰਿਵਾਜ ਬਣਾ ਦਿੱਤਾ ਗਿਆ ਹੈ। ਜਿਸ ਦਾ ਵੱਡਾ ਕਾਰਨ ਹੈ ਕਿ ਧਰਮ ਨੇ ਇੱਕ ਕਿੱਤੇ ਦੇ ਤੌਰ 'ਤੇ ਮਾਨਤਾ ਪ੍ਰਾਪਤ ਕਰ ਲਈ ਹੈ। ਰਾਜਨੀਤੀ ਅਤੇ ਧਰਮ ਦੋ ਅਜਿਹੇ ਧੰਦੇ ਹਨ ਜਿਨ੍ਹਾਂ ਦੀ ਕਮਾਈ ਤੇ ਕੋਈ ਟੈਕਸ ਨਹੀਂ ਲੱਗਦਾ, ਕੋਈ ਪੁੱਛ ਪੜਤਾਲ ਨਹੀਂ। ਕਿਸੇ ਵਿਸ਼ੇਸ਼ ਵਿੱਦਿਅਕ ਯੋਗਤਾ ਦੀ ਲੋੜ ਨਹੀਂ। ਕਿਤੋਂ ਕੋਈ ਪ੍ਰਮਾਣ ਪੱਤਰ/ਲਾਇਸੰਸ ਲੈਣ ਦੀ ਜ਼ਰੂਰਤ ਨਹੀਂ। ਇਹ ਕਿਤੇ ਵੀ ਸ਼ੁਰੂ ਕੀਤੇ ਜਾ ਸਕਦੇ ਹਨ। ਦੋਵੇਂ ਧੰਦਿਆਂ ਵਾਲੇ ਮੋਟੀ ਕਮਾਈ ਕਰ ਰਹੇ ਹਨ। ਇਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਝੂਠ ਦੇ ਵਪਾਰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੇ ਹਨ। ਧਰਮ ਤੇ ਰਾਜਨੀਤੀ ਹੁਣ ਸਪੱਸ਼ਟ ਤੌਰ 'ਤੇ ਇੱਕ ਦੂਜੇ ਦੇ ਪੂਰਕ ਬਣ ਗਏ ਹਨ। ਧਰਮ ਪ੍ਰਚਾਰਕਾਂ, ਸੰਤ, ਬਾਬਿਆਂ, ਡੇਰੇਦਾਰਾਂ ਵਲੋਂ ਦਿੱਤਾ ਜਾ ਰਿਹਾ 'ਨਾਮ ਜਪੋ' ਦਾ ਹੋਕਾ ਮਨੁੱਖੀ ਦਿਮਾਗ ਦੀ ਸੋਚ, ਸਮਝ ਨੂੰ ਸੀਲ ਲਾਉਣ ਦਾ ਕੰਮ ਕਰਦਾ ਹੈ। ਵਿਅਕਤੀ ਆਪਣੇ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਉਨ੍ਹਾਂ ਨੂੰ ਨਰਕ ਦੇ ਡਰ ਅਤੇ ਸਵਰਗ ਦੇ ਲਾਲਚ, ਚੌਰਾਸੀ ਤੋਂ ਮੁਕਤੀ ਗੇੜ 'ਚ ਫਸਾ, ਮਾਲਾ ਦੇ ਚੱਕਰ ਪੂਰੇ ਕਰਨ ਦੇ ਯੱਭ 'ਚ ਫਸਾ ਦਿੱਤਾ ਜਾਂਦਾ ਹੈ। ਜਿਹੜੇ ਲੋਕ ਮਸਾਂ ਜੀਣ ਜੋਗੀ ਰੋਟੀ ਖਾਂਦੇ ਹਨ। ਉਨ੍ਹਾਂ ਨੂੰ 'ਨਾਮ ਜਪੋ' ਦੇ ਚੱਕਰਵਿਊ 'ਚ ਉਲਝਾਇਆ ਜਾ ਰਿਹਾ ਹੈ ਤਾਂ ਕਿ ਉਹ ਰਾਜ ਕਰ ਰਹੇ ਹਾਕਮਾਂ ਦੇ ਗਲਤ ਫ਼ੈਸਲਿਆਂ ਅਤੇ ਕੁਸ਼ਾਸਨ ਦੇ ਕਾਰਨ ਮਹਿੰਗਾਈ, ਗਰੀਬੀ, ਅਨਪੜ੍ਹਤਾ, ਬੇਕਾਰੀ, ਹਿੰਸਾ ਆਦਿ ਵਰਗੇ ਹੋਰ ਮਸਲਿਆਂ ਦੇ ਸਹੀ ਕਾਰਨਾਂ ਪ੍ਰਤੀ ਸੋਚ ਹੀ ਨਾ ਸਕਣ। ਸਗੋਂ ਮੁਸੀਬਤਾਂ ਦੀ ਦਲਦਲ ਵਿੱਚ ਇਸੇ ਤਰ੍ਹਾਂ ਫਸੇ ਰਹਿਣ।

ਜਿਹੜੇ ਲੋਕ ਰੱਜਵੀਂ ਰੋਟੀ ਖਾਂਦੇ ਹਨ। ਉਨ੍ਹਾਂ ਕੋਲ ਨਾਮ-ਜਪਣ ਦਾ ਸਮਾਂ ਨਹੀਂ ਹੁੰਦਾ। ਪ੍ਰੰਤੂ ਉਹ ਵੀ ਨਾਮ-ਜਪਣ ਦੇ ਹੋਕੇ ਤੋਂ ਪ੍ਰਭਾਵਤ ਤਾਂ ਹੁੰਦੇ ਹਨ। ਐਪਰ ਉਹ ਇਹੋ ਕੰਮ ਪੈਸੇ ਦੇ ਕੇ ਕਿਸੇ ਤਰੀਕੇ ਆਪਣੇ ਖਾਤੇ 'ਚ ਪਾਉਣ, ਲਿਖਾਉਣ ਦਾ ਕਾਰਜ ਕਰਦੇ ਹਨ। ਨਾਮ-ਜਪਣ ਦੀ ਘਾਟ ਪੂਰੀ ਕਰਨ ਲਈ ਉਹ ਤੀਰਥ ਯਾਤਰਾਵਾਂ ਕਰਦੇ ਹਨ। ਧਾਰਮਿਕ ਸਥਾਨਾਂ ਨੂੰ ਰੁਪਏ ਦਾਨ ਕਰਦੇ ਹਨ। ਗਰੀਬਾਂ ਬਹਾਨੇ, ਆਪਣੇ ਵਾਸਤੇ (ਸਵਰਗ ਦੀ ਬੁਕਿੰਗ ਕਰਵਾਉਣ ਅਤੇ ਪਾਪ ਕਰਕੇ ਬਖ਼ਸ਼ਾਉਣ ਵਾਸਤੇ) ਲੰਗਰ ਲਗਾਉਂਦੇ ਹਨ ਅਤੇ ਵਸਤਾਂ ਦਾਨ ਕਰਦੇ ਹਨ। ਇਹ ਸਭ ਕਾਰਜ 'ਨਾਮ ਜਪੋ' ਦੇ ਹੋਕੇਦਾਰਾਂ, ਪੁਜਾਰੀਆਂ, ਧਰਮ ਵਪਾਰੀਆਂ ਦੇ ਹੁਕਮ ਅਤੇ ਹਦਾਇਤਾਂ ਅਨੁਸਾਰ ਹੀ ਕੀਤੇ ਜਾਂਦੇ ਹਨ। ਜਿਵੇਂ ਕਿਹਾ ਜਾਂਦਾ ਹੈ, ਲੋੜ ਕਾਢ ਦੀ ਮਾਂ ਹੈ। ਇਸੇ ਤਰ੍ਹਾਂ ਇਹ ਵੀ ਧਰਮ ਦੇ ਵਪਾਰੀਆਂ ਨੇ ਆਪਣਾ ਹਲਵਾ-ਮੰਡਾ ਚਲਦਾ ਰੱਖਣ ਲਈ 'ਨਾਮ' ਨਾ ਜਪਣ ਵਾਲੇ ਲੋਕਾਂ ਲਈ ਇੱਕ ਵਿਵਸਥਾ, ਪ੍ਰਬੰਧ ਘੜਿਆ ਹੋਇਆ ਹੈ। ਜਿਸ ਨਾਲ ਸਗੋਂ ਉਨ੍ਹਾਂ ਦੀ ਕਮਾਈ ਵਿੱਚ ਚੋਖਾ ਵਾਧਾ ਹੋ ਰਿਹਾ ਹੈ। ਨਾਮ-ਜਪਣ ਵਾਲੇ ਤਾਂ ਚੜ੍ਹਾਵਾ ਚੜ੍ਹਾਉਣ/ਮੱਥਾ ਟੇਕਣ ਸਮੇਂ ਛੋਟੇ ਸਿੱਕੇ/ਰੁਪਏ ਦੇ ਬਾਰੇ ਵੀ ਕਈ ਵਾਰ ਸੋਚਦੇ ਹਨ। ਪ੍ਰੰਤੂ 'ਨਾਮ' ਨਾ ਜਪਣ ਵਾਲੇ ਵੱਡੇ ਨੋਟ ਹੀ ਨਹੀਂ ਸਗੋਂ ਵੱਡੀਆਂ ਰਕਮਾਂ ਭੇਂਟ ਕਰ ਆਉਂਦੇ ਹਨ ਅਤੇ ਵਾਪਸ ਆ ਕੇ ਚੋਣਾਂ 'ਚ ਖਰਚੇ ਪੈਸੇ ਵਾਗੂੰ ਮੁੜ ਉਸ ਤੋਂ ਵੱਧ ਪ੍ਰਾਪਤ ਕਰਨ ਲਈ ਸਿਆਸੀ ਨੇਤਾਵਾਂ ਵਾਗੂੰ ਹਰ ਤਰ੍ਹਾਂ ਦਾ ਸਹੀ ਅਤੇ ਗਲਤ ਤਰੀਕਾ ਅਪਨਾਉਣ ਤੋਂ ਨਹੀਂ ਝਿਜਕਦੇ। ਜਿਵੇਂ ਵੱਢੀ ਦਾ ਹਿੱਸਾ ਦੇਣ ਵਾਲੇ ਕਰਮਚਾਰੀ ਆਪਣੇ ਅਫ਼ਸਰ ਤੋਂ ਨਹੀਂ ਡਰਦੇ, ਅਫ਼ਸਰ ਮੰਤਰੀ ਤੋਂ ਇਹ ਲੜੀ ਸਿਰੇ ਤੱਕ ਚਲੇ ਜਾਂਦੀ ਹੈ। ਇਸੇ ਤਰ੍ਹਾਂ ਲੰਗਰ ਲਗਾਉਣ, ਦਾਨ ਕਰਨ ਵਾਲੇ ਵੀ ਅਸਲ 'ਚ ਰੱਬ ਤੋਂ ਨਹੀਂ ਡਰਦੇ। ਉਸਨੂੰ ਆਪਣਾ ਹਿੱਸੇਦਾਰ ਹੀ ਸਮਝਦੇ ਹਨ। ਇਸ ਲਈ ਉਹ ਨੌਕਰੀ, ਵਪਾਰ ਅਤੇ ਹੋਰ ਜਿਸ ਖੇਤਰ ਵਿੱਚ ਵੀ ਹੋਣ ਰੱਜਕੇ, ਧੋਖੇ ਤੇ ਧੱਕੇ ਨਾਲ, ਭ੍ਰਿਸ਼ਟ ਤਰੀਕੇ ਵਰਤ ਕੇ ਰੁਪਏ ਇਕੱਠੇ ਕਰਦੇ ਹਨ। ਪ੍ਰੰਤੂ 'ਨਾਮ' ਜਪਣ ਵਾਲਾ ਗਰੀਬੂ ਦਿਨੋ-ਦਿਨ ਗਰੀਬ ਹੋਈ ਜਾ ਰਿਹਾ ਹੈ। ਉਸਦੀ ਸਮਝਦਾਨੀ ਵਿੱਚ ਇਹ ਗੱਲ ਨਹੀਂ ਪੈਂਦੀ ਕਿ ਇਸ ਦਾ ਕਾਰਨ ਕੀ ਹੈ? ਪਰ ਲੰਗਰ ਲਗਾਉਣ ਤੇ ਵਸਤਾਂ ਵੰਡਣ ਵਾਲੇ ਵੀ ਗਰੀਬ ਨੂੰ ਕਦੇ ਨਹੀਂ ਦੱਸਦੇ ਕਿ ਉਨ੍ਹਾਂ ਦੇ ਚੁੱਲ੍ਹੇ ਤੇ ਰੋਟੀ ਕਿਉਂ ਨਹੀਂ ਪੱਕਦੀ? ਕੀ ਕਾਰਨ ਹੈ ਕਿ ਉਨ੍ਹਾਂ ਨੂੰ ਦਾਨ ਦੀਆਂ ਵਸਤਾਂ ਵੱਲ ਝਾਕ ਰੱਖਣੀ ਪੈਂਦੀ ਹੈ, ਗੁਜ਼ਾਰਾ ਕਰਨਾ ਪੈਂਦਾ ਹੈ? ਉਨ੍ਹਾਂ ਦੇ ਬੱਚੇ ਇਲਾਜ ਖੁਣੋਂ ਕਿਉਂ ਮਰ ਜਾਂਦੇ ਹਨ? ਗਰੀਬਾਂ ਦੇ ਬੱਚਿਆਂ ਲਈ ਸਕੂਲ ਦਾ ਦਰਵਾਜ਼ਾ ਪਹੁੰਚ ਤੋਂ ਬਾਹਰ ਕਿਉਂ ਰਹਿੰਦਾ ਹੈ? ਇਹ ਸਵਾਲ ਉਨ੍ਹਾਂ ਗਰੀਬਾਂ ਦੀ ਜ਼ੁਬਾਨ ਤੇ ਵੀ ਨਹੀਂ ਆਉਂਦੇ। ਪ੍ਰੰਤੂ ਕਿਉਂ? ਕਿਉਂਕਿ ਲੰਗਰ ਲਗਾਉਣ, ਰਾਜ ਕਰਨ, ਨਾਮ ਜਪਾਉਣ ਦਾ ਹੋਕਾ ਦੇਣ ਵਾਲੇ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਇਸ

ਗੱਲ ਦੀ ਸਮਝ ਲੱਗੇ। ਜੇਕਰ ਉਨ੍ਹਾਂ ਨੂੰ ਇਹ ਭੇਦ ਸਮਝਾ ਦਿੱਤਾ ਜਾਵੇ ਜਾਂ ਸਮਝ ਲੱਗ ਗਿਆ ਕਿ ਇਹ ਸਾਰਾ ਕੁਝ (ਵਿਤਕਰੇ) ਮਨੁੱਖ ਨੂੰ ਮਨੁੱਖ ਨਾ ਸਮਝਣ ਅਤੇ ਨਾ ਬਣਨ ਦੀ ਕਹਾਣੀ ਹੈ। ਜਿਸ ਦਿਨ ਗਰੀਬਾਂ ਨੂੰ ਆਪਣੇ ਮਨੁੱਖ ਹੋਣ ਦਾ ਅਹਿਸਾਸ ਹੋ ਗਿਆ। ਫਿਰ ਉਹ ਬੰਦੇ ਦੇ ਪੁੱਤ ਬਣ ਕੇ ਇਨ੍ਹਾਂ ਨੂੰ ਵੀ ਬੰਦੇ ਦੇ ਅਸਲੀ ਪੁੱਤ ਬਣਾ ਦੇਣਗੇ।

ਇਸੇ ਡਰ ਕਰਕੇ ਹੀ 'ਨਾਮ ਜਪੋ' ਦੇ ਨਾਲ-ਨਾਲ, ਜਨਮ-ਕਰਮ ਦੀ ਫਿਲਾਸਫ਼ੀ ਦਾ ਪ੍ਰਚਾਰ ਵੀ ਕੀਤਾ ਜਾਂਦਾ ਹੈ। ਉਨ੍ਹਾਂ ਦੇ ਮਸਲਿਆਂ, ਮੁਸ਼ਕਲਾਂ ਨੂੰ ਪਿਛਲੇ ਜਨਮ 'ਚ ਕੀਤੇ ਮਾੜੇ ਕਰਮਾਂ ਨਾਲ ਜੋੜ ਦਿੱਤਾ ਜਾਂਦਾ ਹੈ। ਇੰਜ ਬਿਮਾਰੀ ਦਾ ਇਲਾਜ ਲੱਭਣ ਦੀ ਬਜਾਏ, ਦਰਦ ਸਹਿਣ ਦੀ ਸਿੱਖਿਆ ਦੇ ਕੇ ਰੋਗ ਵਧਾਉਣ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ, ਤੇ ਗਿਆ ਹੈ। ਜਿਸ ਦਾ ਸਿੱਟਾ ਹੈ ਕਿ ਮਹਿੰਗਾਈ, ਗਰੀਬੀ, ਭ੍ਰਿਸ਼ਟਾਚਾਰ, ਬੇਕਾਰੀ, ਅਨਪੜ੍ਹਤਾ, ਹਿੰਸਾ, ਆਬਾਦੀ, ਜਾਤ-ਪਾਤ ਆਦਿ ਦੇ ਮਸਲੇ ਸਿਖ਼ਰ ਵੱਲ ਵਧ ਰਹੇ ਹਨ। ਉਕਤ ਮਸਲਿਆਂ ਵਿੱਚ ਮਸਲਿਆ ਜਾ ਰਿਹਾ ਵਿਅਕਤੀ ਅਜਿਹੇ ਪ੍ਰਚਾਰ ਕਾਰਨ ਨਿਰਾਸ਼ ਹੋ ਕੇ ਇਥੋਂ ਤੱਕ ਕਹਿਣ ਚਲਾ ਜਾਂਦਾ ਹੈ ਕਿ ਇਨ੍ਹਾਂ ਦਾ ਹੁਣ ਕੋਈ ਵੀ ਹੱਲ ਨਹੀਂ ਕਰ ਸਕਦਾ। ਇਸ ਪੱਧਰ ਤੱਕ ਸੋਚ ਪਹੁੰਚਾਉਣ ਵਿੱਚ ਸਾਰਾ ਯੋਗਦਾਨ 'ਨਾਮ ਜਪੋ' ਦਾ ਹੋਕਾ ਦੇਣ ਵਾਲੇ ਮਹਾਂਪੁਰਸ਼ਾਂ ਦਾ ਹੈ।

'ਦੜ ਵੱਟ ਜ਼ਮਾਨਾ ਕੱਟ',.....। ਦੀ ਕਹਾਵਤ ਵਾਂਗ ਉਹ ਮੁਸ਼ਕਲਾਂ ਦੇ ਸਨਮੁੱਖ ਹੋ ਕੇ ਸੰਘਰਸ਼ ਕਰਨ ਦਾ ਰਾਹ ਛੱਡ ਦਿੰਦਾ ਹੈ। 'ਨਾਮ ਜਪੋ', 'ਨਾਮ ਜਪੋ' ਦਾ ਹੋਕਾ ਦੇਣ ਵਾਲੇ ਉਸਦੀ ਨਿਰਾਸ਼ਾ ਨੂੰ ਝੂਠੀ ਉਮੀਦ 'ਚ ਇਹ ਕਹਿ ਕੇ ਬਦਲ ਦਿੰਦੇ ਹਨ ਕਿ 'ਸਾਰਾ ਸੰਸਾਰ ਤਾਂ ਦੁੱਖਾਂ ਦਾ ਘਰ ਹੈ।' ਉਹਦੇ ਅੱਗੇ ਦੁਖੀਆਂ ਦੀ ਲੜੀ ਪੇਸ਼ ਕਰ ਦਿੱਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਕੋਈ ਔਲਾਦ ਨਾ ਹੋਣ ਕਾਰਨ ਦੁਖੀ ਹੈ, ਕੋਈ ਧੀਆਂ, ਪੁੱਤਰਾਂ, ਨੂੰਹਾਂ ਤੋਂ ਦੁਖੀ ਹੈ, ਕੋਈ ਬਿਮਾਰੀ ਕਾਰਨ ਪ੍ਰੇਸ਼ਾਨ ਹੈ, ਕੋਈ ਰੁਜ਼ਗਾਰ ਖਾਤਰ ਤੜਫ ਰਿਹਾ ਹੈ ਆਦਿ ਦੱਸ ਕੇ ਇਹ ਗੱਲ ਸੁਣਾ ਦਿੱਤੀ ਜਾਂਦੀ ਹੈ, 'ਨਾਨਕ ਦੁਖੀਆ ਸਭ ਸੰਸਾਰ।' ਕਹਿਣ ਦਾ ਭਾਵ ਇਥੇ ਸਾਰੇ ਹੀ ਦੁਖੀ ਹਨ। ਜਿਹੜੀ ਮਾੜੀ-ਮੋਟੀ ਹਿੰਮਤ, ਸ਼ਕਤੀ ਉਸਦੇ ਮਨ ਵਿੱਚ ਹੁੰਦੀ ਹੈ ਉਹ ਵੀ ਇਸ ਤਰ੍ਹਾਂ ਦੇ ਹੋਰ ਬੋਲ ਅਤੇ ਸਾਖ਼ੀਆਂ/ਕਹਾਣੀਆਂ ਸੁਣਾ-ਸੁਣਾ ਕੇ ਖ਼ਤਮ ਕਰ ਦਿੱਤੀ ਜਾਂਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਵਿਅਕਤੀ 'ਨਾਮ ਜਪੋ' ਦੇ ਫ਼ੈਸਲੇ ਨੂੰ ਸਿਰ ਮੱਥੇ ਮੰਨ ਕੇ, ਇਸ ਜੂਨ ਨੂੰ ਸੁਧਾਰਨ ਦੀ ਬਜਾਏ ਅਖੌਤੀ ਅਗਲੇ ਜਨਮ ਨੂੰ ਚੰਗਾ, ਜੀਉਣ ਯੋਗ ਬਣਾਉਣ ਲਈ 'ਨਾਮ' (ਮੰਤਰ) ਰਟਣ, ਜਪਣ ਦੀ ਦਲਦਲ ਵਿੱਚ ਫਸ ਜਾਂਦਾ ਹੈ, ਡੂੰਘੀ ਖਾਈ ਵਿੱਚ ਡਿੱਗ ਜਾਂਦਾ ਹੈ। ਮਨੁੱਖ ਨੂੰ ਹੀਰੋ ਤੋਂ ਜ਼ੀਰੋ ਬਣਾਉਣ ਦਾ ਕਾਰਜ ਸਫ਼ਲਤਾ ਪੂਰਵਕ 'ਨਾਮ ਜਪੋ' ਦਾ ਹੋਕਾ ਦੇਣ ਵਾਲੇ ਕਰ ਰਹੇ ਹਨ। ਇਸ ਝੂਠੇ, ਮਾੜੇ, ਨਿਕੰਮੇ

ਪ੍ਰਚਾਰ ਦੀ ਕਮਾਈ ਦੇ ਸਿਰ ਤੇ ਉਹ ਆਪ ਏ.ਸੀ. ਕਾਰਾਂ, ਬੰਗਲਿਆਂ, ਜ਼ਮੀਨਾਂ, ਭਵਨਾਂ ਦੇ ਮਾਲਕ ਬਣ ਗਏ ਹਨ, ਬਣ ਰਹੇ ਹਨ। ਜਿਵੇਂ ਕਿਹਾ ਜਾਂਦਾ ਹੈ ਕਿ 'ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ' ਇਹ ਕਹਾਵਤ 'ਨਾਮ ਜਪੋ' ਦਾ ਕਾਰੋਬਾਰ ਕਰਨ, ਹੋਕਾ ਦੇਣ ਵਾਲਿਆਂ ਤੇ ਪੂਰੀ ਢੁੱਕਦੀ ਹੈ। 'ਨਾਮ ਜਪੋ' ਦਾ ਹੋਕਾ ਵਿਅਕਤੀ ਦੇ ਦਿਮਾਗ ਨੂੰ ਐਨਾ ਥੋਥਾ ਬਣਾ ਦਿੰਦਾ ਹੈ ਕਿ ਉਹ ਦੁੱਧ ਵੱਟੇ ਪਾਣੀ ਦਾ ਇਨ੍ਹਾਂ ਨਾਲ ਸੌਦਾ, ਲੈਣ-ਦੇਣ ਕਰਨ 'ਚ ਵੀ ਆਪਣਾ ਭਲਾ ਹੀ ਸਮਝਣ ਲੱਗ ਜਾਂਦਾ ਹੈ।

'ਨਾਮ ਜਪੋ' ਦਾ ਹੋਕਾ ਦੇਣ ਵਾਲਿਆਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਬਹੁਤ ਹੀ ਚੰਗਾ ਕੰਮ ਕਰ ਰਹੇ ਹਨ। ਪ੍ਰੰਤੂ ਕੰਮ ਦੀ ਕੀਮਤ ਵੀ ਚੰਗੀ ਵਸੂਲ ਕੀਤੀ ਜਾ ਰਹੀ ਹੈ, ਦਿੱਤੀ ਜਾ ਰਹੀ ਹੈ। ਪ੍ਰੰਤੂ ਲੋਕਾਂ ਪੱਲੇ ਸਿਰਫ਼ ਸੇਵਾ (ਮੁਫ਼ਤ ਵਿੱਚ ਕੰਮ ਕਰਨਾ) ਅਤੇ ਸਿਮਰਨ (ਜ਼ਿੰਦਗੀ ਨੂੰ ਚੰਗਾ ਬਣਾਉਣ ਲਈ ਸੋਚਣ ਦਾ ਸਮਾਂ ਬਰਬਾਦ ਕਰਨਾ) ਦੋ ਘਾਟੇ ਦੇ ਕੰਮ ਹੀ ਪੱਲੇ ਪੈਂਦੇ ਹਨ ਤੇ ਪਾਏ ਜਾ ਰਹੇ ਹਨ। ਇਸ ਦਾ ਵਾਧਾ, ਫ਼ਾਇਦਾ ਸਿਰਫ਼ 'ਨਾਮ ਜਪੋ' ਦੇ ਹੋਕੇਦਾਰਾਂ ਨੂੰ ਹੁੰਦਾ ਹੈ। ਸ਼ਰਧਾਲੂ-ਪੈਰੋਕਾਰ ਤਾਂ ਇਹ ਧਾਰਨਾ ਗਾਉਣ ਜੋਗੇ ਹੀ ਰਹਿੰਦੇ ਹਨ ' ਸੇਵਾ ਤੇ ਸਿਮਰਨ ਕਰਕੇ ਬੰਦਾ ਤਰ ਜਾਂਦਾ ਹੈ।' ਕਿੱਥੇ ਤੇ ਕਿਵੇਂ ਤਰਦਾ ਹੈ, ਇਹ ਸਵਾਲ ਹਵਾ 'ਚ ਲਟਕਦਾ ਹੈ? ਕਿਉਂਕਿ ਅਜੇ ਤੱਕ ਕਿਸੇ ਨੂੰ ਦਿਖਾਈ ਨਹੀਂ ਦਿੱਤਾ।

ਕੀ ਸਿਰਫ਼ 'ਨਾਮ ਜਪੋ' ਦਾ ਹੋਕਾ ਦੇਣਾ ਮਹਾਨ ਕਾਰਜ ਹੈ, ਜਾਂ ਮੰਨਿਆ ਜਾ ਸਕਦਾ ਹੈ? ਇਹ ਕਿਸ ਕਾਰਨ ਮਹਾਨ ਹੈ? ਹੋਕੇਦਾਰਾਂ ਨੂੰ ਮਹਾਨ ਕਿਹਾ ਜਾ ਸਕਦਾ ਹੈ? ਜਿਹੜੇ 'ਨਾਮ-ਦਾਨੀ', 'ਨਾਮ-ਦਾਤੇ' ਆਪੇ ਬਣੇ ਫਿਰਦੇ ਹਨ। ਕੀ ਉਨ੍ਹਾਂ ਨੇ ਇਹ ਕਹਾਵਤ ਨਹੀਂ ਸੁਣੀ ਜਾਂ ਜਾਣਦੇ 'ਜੇ ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ' ਜਿਹੜਾ ਗਰੀਬ ਰੱਜਵੀਂ ਤਾਂ ਕੀ ਜੀਉਣ ਜੋਗੀ ਖੁਰਾਕ ਤੋਂ ਵੀ ਮੁਹਤਾਜ ਹੈ। ਉਹ 'ਨਾਮ' ਕਿਵੇਂ ਜਪੇਗਾ? ਇਨ੍ਹਾਂ ਨੂੰ ਜ਼ਰੂਰ ਸੋਚਣ, ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸਨੂੰ ਨਾਮ ਜਪਣ ਵਾਲਿਆਂ ਦੀ ਕਤਾਰ ਵਿੱਚ ਕਿਵੇਂ ਲਿਆਂਦਾ ਜਾ ਸਕਦਾ ਹੈ? ਜਿਸਦੇ ਲਈ ਹਰ ਸਵਾਲ ਦਾ ਜਵਾਬ ਰੋਟੀ ਹੋਵੇ। ਉਸਦੇ ਲਈ ਸਾਰੀਆਂ ਦਲੀਲਾਂ-ਅਪੀਲਾਂ ਖੋਟੀਆਂ ਸਾਬਤ ਹੋਣਗੀਆਂ, ਇਹ ਪੱਕੀ ਗੱਲ ਹੈ। ਜਦੋਂ ਤੱਕ ਉਸਦਾ ਰੋਟੀ ਦਾ ਮਸਲਾ ਹੱਲ ਨਹੀਂ ਹੁੰਦਾ ਓਨਾ ਚਿਰ 'ਨਾਮ ਜਪੋ' ਦੇ ਹੋਕੇ ਦਾ ਅਜਿਹੇ ਲੋਕਾਂ ਲਈ ਕੋਈ ਅਰਥ ਨਹੀਂ ਨਿਕਲ ਸਕਦਾ। ਕਿਸੇ ਵੀ ਆਪਣੇ ਸਮਾਗਮ ਵਿੱਚ ਅਜਿਹੇ ਲੋਕਾਂ ਬਾਬਤ ਇੱਕ ਸ਼ਬਦ ਵੀ ਨਹੀਂ ਬੋਲਦੇ 'ਨਾਮ' ਜਪਾਉਣ ਦੇ ਠੇਕੇਦਾਰ, ਪ੍ਰਚਾਰਕ, ਸੰਤ, ਬਾਬੇ, ਧਰਮ ਦੇ ਵਪਾਰੀ। ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉਹ ਸਭ ਦਾ ਭਲਾ ਨਹੀਂ ਚਾਹੁੰਦੇ ਅਤੇ ਸਾਰਿਆਂ ਨੂੰ 'ਨਾਮ' ਵੀ ਨਹੀਂ ਜਪਾਉਣਾ ਚਾਹੁੰਦੇ। ਇਸ ਲਈ ਇਹ ਕਹਿ ਸਕਦੇ ਹਾਂ, ਉਹ ਝੂਠ ਬੋਲਦੇ ਅਤੇ

ਪਾਖੰਡ ਕਰਦੇ ਹਨ। ਇਹ ਸਭ ਦੇ ਭਲੇ ਲਈ ਹੈ। ਅਸਲ ਵਿੱਚ 'ਨਾਮ ਜਪੋ' ਦਾ ਹੋਕਾ 'ਨਾਮ-ਦਾਨ' ਦੇਣ ਦਾ ਕੰਮ ਸਿਰਫ਼ ਆਪਣੀ ਰੋਟੀ ਰੋਜ਼ੀ ਦਾ ਪ੍ਰਬੰਧ ਕਰਨ ਹਿੱਤ ਹੀ ਦਿੱਤਾ ਜਾ ਰਿਹਾ ਹੈ।

ਜਿਸ ਤਰ੍ਹਾਂ ਇੱਕ ਮਾਲਕ, ਕਾਰਖਾਨੇਦਾਰ ਦਾ ਮਕਸਦ ਲੋਕਾਂ ਨੂੰ ਰੁਜ਼ਗਾਰ ਦੇ ਕੇ ਲੋਕ ਭਲਾਈ ਕਰਨਾ ਨਹੀਂ ਹੁੰਦਾ ਤੇ ਨਾ ਸਮਝਿਆ ਜਾ ਸਕਦਾ ਹੈ। ਉਸਦਾ ਮਿਸ਼ਨ ਤਾਂ ਇਸ ਢੰਗ ਨਾਲ ਹੋਰ ਕਮਾਈ ਕਰਕੇ, ਆਪਣੀ ਪੂੰਜੀ ਵਿੱਚ ਵਾਧਾ ਕਰਨਾ ਹੁੰਦਾ ਹੈ। ਕਾਰਖਾਨਾ, ਮਿੱਲ ਉਸਦੀ ਕਮਾਈ ਵਿੱਚ ਵਾਧਾ ਕਰਨ ਦਾ ਇੱਕ ਸਾਧਨ ਹੈ। ਆਪਣੀ ਕਮਾਈ, ਪੂੰਜੀ ਤੇ ਵਾਧੇ ਨੂੰ ਮੁੱਖ ਰੱਖ ਕੇ ਸਗੋਂ ਉਹ ਮਜ਼ਦੂਰਾਂ, ਕਿਰਤੀਆਂ ਦੇ ਹੱਕਾਂ ਹਿੱਤਾਂ ਨੂੰ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। 'ਨਾਮ-ਦਾਨ' ਦੇਣ ਅਤੇ ਜਪਾਉਣ ਵਾਲਿਆਂ ਦੇ ਵੀ ਆਪਣੇ ਹਿੱਤ ਹੁੰਦੇ ਹਨ। ਉਨ੍ਹਾਂ ਨੂੰ ਲੋਕਾਂ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ ਹੈ, 'ਕੋਈ ਮਰੇ ਭਾਵੇਂ ਜੀਵੇ, ਸੁਥਰਾ ਘੋਲ ਪਤਾਸੇ ਪੀਵੇ' ਕਿਹਾ ਜਾ ਸਕਦਾ ਹੈ। ਧਾਰਮਿਕ ਸਮਾਗਮਾਂ ਅਤੇ ਡੇਰਿਆਂ ਨੂੰ ਜਾਂਦੇ ਸਮੇਂ ਗੱਡੀਆਂ/ਮੋਟਰਾਂ ਦੇ ਐਕਸੀਡੈਂਟ, ਦੁਰਘਟਨਾਵਾਂ ਹੋ ਜਾਂਦੀਆਂ ਹਨ। ਸ਼ਰਧਾਲੂਆਂ/ਸੇਵਕਾਂ ਦੇ ਸੱਟਾਂ ਲੱਗ ਜਾਂਦੀਆਂ ਹਨ ਅਤੇ ਕਈ ਵਾਰ ਮੌਤ ਵੀ ਹੋ ਜਾਂਦੀ ਹੈ। ਪ੍ਰੰਤੂ ਸ਼ਾਇਦ ਹੀ ਕੋਈ ਅਜਿਹਾ ਡੇਰੇਦਾਰ, ਸੰਤ, ਬਾਬਾ ਹੋਵੇਗਾ ਜਿਹੜਾ ਪ੍ਰਭਾਵਤ ਲੋਕਾਂ ਜਾਂ ਉਨ੍ਹਾਂ ਦੇ ਵਾਰਸਾਂ ਦੀ ਆਰਥਿਕ ਜਾਂ ਹੋਰ ਸਹਾਇਤਾ ਕਰਦਾ ਹੋਵੇ। ਪੈਰੋਕਾਰਾਂ ਦੀਆਂ ਹੋਰ ਆਰਥਿਕ, ਸਮਾਜਿਕ ਮੁਸ਼ਕਲਾਂ ਬਾਰੇ ਵੀ ਸੰਤ, ਬਾਬੇ, ਡੇਰੇਦਾਰ ਕਦੇ ਕੋਈ ਵਿਚਾਰ-ਚਰਚਾ ਨਹੀਂ ਕਰਦੇ ਨਾ ਲੋੜ ਸਮਝਦੇ ਹਨ। ਉਨ੍ਹਾਂ ਦੀ ਚਰਚਾ ਦਾ ਮੁੱਦਾ ਤੇ ਏਜੰਡਾ ਸਿਰਫ਼ ਇਹ ਹੀ ਰਹਿੰਦਾ ਹੈ ਕਿ ਡੇਰੇ (ਧਾਰਮਿਕ ਸਥਾਨ) ਦੀ ਜਾਇਦਾਦ, ਆਮਦਨ ਵਿੱਚ ਵਾਧਾ ਕਿਵੇਂ ਹੋਵੇ। ਜਿਵੇਂ ਕਾਰਖਾਨੇਦਾਰ, ਮਿੱਲ ਮਾਲਕ ਨੂੰ ਮਜ਼ਦੂਰਾਂ ਦੀ ਗਿਣਤੀ (ਰੁਜ਼ਗਾਰ) ਅਤੇ ਉਜਰਤਾਂ ਵਿੱਚ ਵਾਧਾ ਕਰਨ ਬਾਰੇ ਕੋਈ ਚਿੰਤਾ ਨਹੀਂ ਹੁੰਦੀ। ਪਰ ਉਸ ਨੂੰ ਆਪਣੀ ਆਮਦਨ ਦੇ ਵਾਧੇ ਬਾਰੇ ਜ਼ਰੂਰ ਫ਼ਿਕਰ ਰਹਿੰਦਾ ਹੈ। ਜਿਸਦੇ ਵਾਧੇ ਬਾਰੇ ਸਕੀਮਾਂ ਘੜੀਆਂ ਜਾਂਦੀਆਂ ਹਨ। ਇਸੇ ਤਰ੍ਹਾਂ 'ਨਾਮ ਜਪੋ' ਦਾ ਹੋਕਾ ਦੇਣਾ ਵੀ ਆਪਣੇ ਡੇਰੇ/ ਧਾਰਮਿਕ ਸਥਾਨ ਦੀ ਆਮਦਨ ਵਧਾਉਣ ਦੀ ਤਰਕੀਬ ਹੈ। ਜਿਵੇਂ ਦੁਕਾਨਾਂ ਵਾਲੇ ਲੋਹੜੀ, ਵਿਸਾਖੀ, ਦੁਸਿਹਰਾ, ਦੀਵਾਲੀ ਦੇ ਨਾਂ ਤੇ ਚੀਜ਼ਾਂ (ਸੇਲ ਲਾਉਣ ਦੇ ਨਾਂ ਤੇ) ਸਸਤੀਆਂ ਦੇਣ ਦਾ ਪਾਖੰਡ ਕਰਕੇ ਆਪਣਾ ਮਾਲ ਵੇਚ ਕੇ ਆਮਦਨ ਵਿੱਚ ਵਾਧਾ ਕਰ ਲੈਂਦੇ ਹਨ। ਇਸੇ ਤਰ੍ਹਾਂ ਕਈ ਨਵੇਂ ਗਾਹਕ ਵੀ ਬਣਾ ਲੈਂਦੇ ਹਨ। ਇਹ ਵੀ ਅਜਿਹੇ ਦਿਨਾਂ ਦੇ ਨਾਂ ਤੇ ਵੱਡੇ ਇਕੱਠ ਕਰਨ ਲਈ ਕਈ ਤਰ੍ਹਾਂ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਉਸ ਦਿਨ ਵਿਸ਼ੇਸ਼ ਤੌਰ 'ਤੇ 'ਨਾਮ-ਦਾਨ' ਦੇਣ ਦਾ ਹੋਕਾ ਵੀ ਦਿੰਦੇ ਹਨ।

ਇੰਝ 'ਨਾਮ ਜਪੋ' ਦਾ ਹੋਕਾ ਦੇਣ ਦਾ ਕਾਰਜ ਕਰਕੇ ਆਪਣੇ ਸੇਵਕਾਂ ਦੀ

ਗਿਣਤੀ ਵਿੱਚ ਵਾਧਾ ਕਰ ਲੈਂਦੇ ਹਨ। ਜਿਸ ਨਾਲ ਬਾਬੇ, ਸੰਤ, ਡੇਰੇ ਦੀ ਬੱਲੇ-ਬੱਲੇ ਹੁੰਦੀ ਹੈ ਅਤੇ ਅਖ਼ਬਾਰਾਂ, ਟੀ.ਵੀ. ਰਾਹੀਂ ਵੀ ਕਰਵਾਈ ਜਾਂਦੀ ਹੈ। ਉਥੇ ਡੇਰੇ ਦੀ ਆਮਦਨ ਵਿੱਚ ਕੁਦਰਤੀ ਤੌਰ ’ਤੇ ਵਾਧਾ ਹੋ ਜਾਂਦਾ ਹੈ। ਪਰ ਉਨ੍ਹਾਂ ਦੇ ਕਹਿਣ ਮੁਤਾਬਕ ‘ਨਾਮ ਜਪੋ’ ਦਾ ਹੋਕਾ ਲੋਕ ਹਿੱਤ ਵਿੱਚ ਦਿੱਤਾ ਜਾ ਰਿਹਾ ਹੈ। ਫਿਰ ਤਾਂ ਉਨ੍ਹਾਂ ਲੋਕਾਂ ਦੇ ਬਾਰੇ ’ਚ ਜ਼ਰੂਰ ਸੋਚਣਾ ਹੀ ਨਹੀਂ, ਕੁਝ ਕਰਨਾ ਵੀ ਚਾਹੀਦਾ ਹੈ। ਜਿਹੜੇ ਅਜੇ ਰੋਟੀ ਦੇ ਮਸਲੇ ਵਿੱਚ ਉਲਝੇ ਪਏ ਹਨ। ਉਨ੍ਹਾਂ ਨੂੰ ਰੋਟੀ ਕਿਉਂ ਨਹੀਂ ਮਿਲ ਰਹੀ? ਇਸ ਲਈ ਕੌਣ ਜ਼ਿੰਮੇਵਾਰ ਹੈ? ਰੋਟੀ ਦਾ ਮਸਲਾ ਹੱਲ ਕਿਵੇਂ ਹੋ ਸਕਦਾ ਹੈ? ਇਸ ਨੂੰ ਕੌਣ ਕਰੇਗਾ? ‘ਨਾਮ ਜਪੋ’ ਦਾ ਹੋਕਾ ਦੇਣ ਵਾਲਿਆਂ ਨੂੰ ਆਪਣੇ ਸਮਾਗਮਾਂ ’ਚ ਘੱਟੋ-ਘੱਟ ਇਸ ਦਾ ਜ਼ਿਕਰ ਜ਼ਰੂਰ ਕਰਨਾ ਚਾਹੀਦਾ ਹੈ। ਪਰ ਉਹ ਅਜਿਹਾ ਕਦੇ ਵੀ ਨਹੀਂ ਕਰਨਗੇ। ਉਹ ਤਾਂ ਸਿਰਫ਼ ਲੰਗਰ ਲਗਾ ਸਕਦੇ ਹਨ, ਗਰੀਬ ਕੁੜੀਆਂ ਦੇ ਵਿਆਹ ਕਰ ਸਕਦੇ ਹਨ, ਗਰੀਬ ਵਿਦਿਆਰਥੀਆਂ ਨੂੰ ਪੈੱਨ, ਕਾਪੀਆਂ, ਕਿਤਾਬਾਂ, ਬੂਟ ਵੰਡ ਸਕਦੇ ਹਨ, ਅੱਖਾਂ ਦੇ ਅਪ੍ਰੇਸ਼ਨ ਕੈਂਪ ਅਤੇ ਮੈਡੀਕਲ ਕੈਂਪਾਂ ਦਾ ਪ੍ਰਬੰਧ ਕਰ ਸਕਦੇ ਹਨ। ਉਨ੍ਹਾਂ ਦੀ ਇੰਨੀ ਹਿੰਮਤ ਨਹੀਂ ਅਤੇ ਨਾ ਉਹ ਚਾਹੁੰਦੇ ਹਨ ਕਿ ਸੰਗਤਾਂ-ਸ਼ਰਧਾਲੂਆਂ-ਸੇਵਕਾਂ-ਲੋਕਾਂ ਨੂੰ ਪਤਾ ਲੱਗੇ ਕਿ ਅਜਿਹੇ ਉਹ ਕਿਹੜੇ ਕਾਰਨ ਹਨ। ਜਿਨ੍ਹਾਂ ਕਰਕੇ ਇੱਕ ਵਿਅਕਤੀ ਰੋਟੀ ਤੋਂ ਮੁਹਤਾਜ, ਮੰਗਣ ਲਈ ਮਜ਼ਬੂਰ ਹੈ, ਆਪਣੀ ਧੀ ਦਾ ਵਿਆਹ ਕਰਨ ਦੇ ਯੋਗ ਨਹੀਂ ਰਹਿੰਦਾ। ਆਪਣੇ ਬੱਚਿਆਂ ਨੂੰ ਪੜ੍ਹਾਉਣ ਦੇ ਖ਼ਰਚ ਦਾ ਪ੍ਰਬੰਧ ਵੀ ਨਹੀਂ ਕਰ ਸਕਦਾ। ਆਪਣੀ ਤੇ ਪਰਿਵਾਰ ਦੇ ਬਿਮਾਰ, ਰੋਗੀਆਂ ਵਾਸਤੇ ਇਲਾਜ ਕਰਵਾਉਣ ਵਾਸਤੇ ਕਿਉਂ ਉਹਨੂੰ ਮੈਡੀਕਲ ਕੈਂਪਾਂ ਦੀ ਉਡੀਕ ਕਰਨੀ ਪੈਂਦੀ ਹੈ? ਅਜਿਹਾ ਇਸ ਕਰਕੇ ਪਰਦਾ ਰੱਖਿਆ ਜਾ ਰਿਹਾ ਹੈ ਕਿਉਂਕਿ ਰਾਜ ਭੋਗਣ, ਰਾਜ ਕਰਨ ਅਤੇ ‘ਨਾਮ ਜਪੋ’ ਦਾ ਹੋਕਾ ਦੇਣ ਵਾਲੇ ਰਲ ਗਏ, ਇੱਕ ਹੋ ਗਏ ਹਨ। ਸ਼ਾਇਦ ਇਨ੍ਹਾਂ ਬਾਰੇ ਇਹ ਕਹਿਣਾ ਠੀਕ ਹੀ ਹੋਵੇਗਾ ‘ਦੋਵੇਂ ਇੱਕੋ ਥੈਲੀ ਦੇ ਚੱਟੇ-ਵੱਟੇ ਹਨ।’ ਇਨ੍ਹਾਂ ਦੇ ਨਾਲ ਹੀ ਪੁਲਿਸ ਪ੍ਰਸ਼ਾਸਨ ਨੂੰ ਜੋੜ ਕੇ ਕਈ ਤਾਂ ਇਹ ਵੀ ਕਹਿ ਰਹੇ ਹਨ, ਹੁਣ ਤਾਂ ‘ਚੋਰ ਤੇ ਕੁੱਤੀ’ ਵੀ ਰਲੇ ਹੋਏ ਹਨ।

‘ਨਾਮ ਜਪੋ’ ਦਾ ਹੋਕਾ ਦੇਣ ਵਾਲਿਆਂ ਦੀਆਂ ਮੋਮੋਠੱਗਣੀਆਂ ਗੱਲਾਂ ਸਮਝਣ, ਜਾਨਣ ਤੇ ਪਛਾਨਣ ਦੀ ਜ਼ਰੂਰਤ ਹੈ। ਇਹ ਲੋਕਾਂ ਦੀ ਸੇਵਾ ਕਰ ਰਹੇ ਹਨ ਜਾਂ ਕਿਸੇ ਹੋਰ ਦੀ, ਇਹ ਕਹਿੰਦੇ ਕੁਝ ਹੋਰ ਹਨ, ਕਰਦੇ ਕੁਝ ਹੋਰ ਹਨ। ਜਿਵੇਂ ਹਾਥੀ ਦੇ ਦੰਦ ਖਾਣ ਦੇ ਹੋਰ ਦਿਖਾਉਣ ਦੇ ਹੋਰ। ਇਹ ਗੱਲ ਹੁਣ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿਉਂਕਿ ‘ਨਾਮ ਜਪੋ’ ਦਾ ਹੋਕਾ ਦੇਣ ਵਾਲਿਆਂ, ਰੱਬ ਦੇ ਏਜੰਟਾਂ, ਧਰਮ ਵਪਾਰੀਆਂ ਵਿੱਚੋਂ ਕੋਈ ਕਾਤਲ ਦੇ ਰੂਪ ’ਚ ਸਾਹਮਣੇ ਆ ਰਿਹਾ ਹੈ ਤੇ ਕੋਈ ਬਲਾਤਕਾਰੀ, ਕੋਈ ਨੋਟਾਂ ਵੱਟੇ ਵੋਟਾਂ (ਸੇਵਕਾਂ) ਦੇ ਵਪਾਰੀ ਦੇ ਰੋਲ ਵਿੱਚ ਦਿਖਾਈ ਦੇ ਰਿਹਾ ਹੈ। ਕਈ ਕਾਲੇ ਧੰਨ ਨੂੰ

ਚਿੱਟਾ ਕਰਨ ਦੇ ਧੰਦੇ ਨਾਲ ਆਪਣਾ ਮੂੰਹ ਕਾਲਾ ਕਰ ਰਹੇ ਹਨ। ਕੋਈ ਕਬੂਤਰਬਾਜ਼ੀ (ਵਿਦੇਸ਼ ਭੇਜਣ) ਦੇ ਮਾਹਰ ਦੇ ਰੂਪ 'ਚ ਲੋਕਾਂ ਦੇ ਸਨਮੁੱਖ ਹੋ ਰਿਹਾ ਹੈ।

'ਨਾਮ ਜਪੋ' ਦਾ ਹੋਕਾ ਦੇਣ ਵਾਲਿਆਂ ਦੇ ਰਾਜਸੀ ਨੇਤਾਵਾਂ, ਪੁਲਿਸ ਅਧਿਕਾਰੀਆਂ ਅਤੇ ਲੁਟੇਰਿਆਂ ਸਮਗਲਰਾਂ ਵਾਂਗ ਨਿੱਤ ਨਵੇਂ ਕਾਰਿਆਂ ਦੇ ਪਰਦੇਫ਼ਾਸ਼ ਹੋ ਰਹੇ ਹਨ। ਇਹ ਲੋਕਾਂ ਸਾਹਮਣੇ ਲਗਾਤਾਰ, ਲੜੀਵਾਰ ਨੰਗੇ ਹੋ ਰਹੇ ਹਨ। ਜਿਸ ਘਟੀਆ ਤੋਂ ਘਟੀਆ ਹਰਕਤ ਬਾਰੇ ਸ਼ਰਧਾਲੂ ਅਤੇ ਲੋਕ ਸੋਚ ਵੀ ਨਹੀਂ ਸਕਦੇ, ਇਨ੍ਹਾਂ ਵੱਲ ਅਜਿਹੇ ਸੱਚ ਸਮੇਂ-ਸਮੇਂ ਪ੍ਰਗਟ ਹੋ ਰਿਹਾ ਹੈ। ਸ਼ਰਧਾਲੂਆਂ-ਸੇਵਕਾਂ-ਪੈਰੋਕਾਰਾਂ ਨੂੰ ਚਾਹੀਦਾ ਹੈ ਕਿ ਅੰਨ੍ਹੀ-ਸ਼ਰਧਾ ਦੀ ਐਨਕ ਲਾਹ ਕੇ ਦੇਖੋ, ਪਰਖੋ। ਜ਼ਰੂਰ ਅਜਿਹਾ ਕੁਝ ਦਿਖਾਈ ਦੇਵੇਗਾ ਜਿਸ ਨਾਲ ਤੁਹਾਡੇ ਸਾਰੇ ਭੁਲੇਖੇ ਦੂਰ ਹੋ ਜਾਣਗੇ। ਇਨ੍ਹਾਂ ਦੇ ਵਚਨਾਂ-ਪ੍ਰਵਚਨਾਂ ਨੂੰ ਸੁਣ ਕੇ ਉਸ ਤੇ ਵਿਚਾਰ ਕਰੋ। ਅਸਲ 'ਚ ਉਹ ਕੀ ਕਹਿਣ ਦਾ ਯਤਨ ਕਰਦੇ ਹਨ। ਉਸ ਤੇ ਅਮਲ ਕਰਨ ਨਾਲ ਕਿਸ ਦੇ ਹਿੱਤ ਪੂਰੇ ਜਾਂਦੇ ਹਨ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਤੁਹਾਡੇ ਨਹੀਂ ਹੋਣਗੇ। 'ਨਾਮ ਜਪੋ' ਦੇ ਹੋਕੇ, ਪ੍ਰਚਾਰ ਨੂੰ ਸਮਝਣ ਦੀ ਜ਼ਰੂਰਤ ਹੈ, ਲੋੜ ਹੈ, ਸਮੇਂ ਦੀ ਮੰਗ ਹੈ। ਕੀ ਤੁਹਾਡੀਆਂ ਲੋੜਾਂ, ਦੁੱਖਾਂ, ਸਮੱਸਿਆਵਾਂ ਦਾ ਹੱਲ ਨਾਮ ਜਪਣ ਨਾਲ ਹੋ ਸਕਦਾ ਹੈ? ਕਿਵੇਂ? ਜ਼ਰੂਰ ਸੋਚੋ?

ਗਰੀਬੀ, ਮਹਿੰਗਾਈ, ਬੇਕਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਹਿੰਸਾ, ਜਾਤ-ਪਾਤ, ਭਰੂਣ-ਹੱਤਿਆ, ਆਬਾਦੀ ਆਦਿ ਦੇ ਹੱਲ ਦਾ ਮੰਤਰ ਕੀ ਹੈ?

'ਨਾਮ ਜਪੋ' ਦੇ ਹੋਕੇਦਾਰਾਂ ਤੋਂ ਇਸ ਦੇ ਜਵਾਬ ਦੀ ਮੰਗ ਕਰੋ?

ਉਕਤ ਸਮੱਸਿਆਵਾਂ ਦੇ ਰਹਿੰਦੇ ਕਿਵੇਂ ਮਨ ਨੂੰ ਸ਼ਾਂਤੀ ਮਿਲੇਗੀ ਤੇ ਭਟਕਣ ਸਮਾਪਤ ਹੋ ਸਕਦੀ ਹੈ? ਜ਼ਰੂਰ ਦੱਸਣਾ।

'ਨਾਮ' ਸਾਰਿਆਂ ਦੁੱਖਾਂ ਦਾ ਦਾਰੂ

ਧਾਰਮਿਕ ਸਮਾਗਮ ਦੌਰਾਨ ਅਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ ਡੇਰੇਦਾਰਾਂ, ਪੀਰ, ਪਾਤਸ਼ਾਹ, ਮਹਾਰਾਜ ਬਣੇ ਵਿਅਕਤੀਆਂ ਅਤੇ ਧਰਮ ਪ੍ਰਚਾਰਕਾਂ ਵੱਲੋਂ ਸੰਗਤਾਂ-ਸ਼ਰਧਾਲੂਆਂ, ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ 'ਨਾਮ', (ਨਾਮ ਸ਼ਬਦ, ਰੱਬ ਦਾ ਨਾਮ) ਸਾਰਿਆਂ ਦੁੱਖਾਂ ਦਾ 'ਦਾਰੂ' ਹੈ, ਇਲਾਜ ਹੈ, ਹੱਲ ਹੈ। ਕਹਿਣ ਦਾ ਭਾਵ 'ਨਾਮ' ਜਪਣ ਵਾਲਿਆਂ ਦੇ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ, ਮੁਸ਼ਕਲਾਂ ਹੱਲ ਹੋ ਜਾਂਦੀਆਂ ਹਨ। ਦੁੱਖਾਂ ਦਾ ਖਾਤਮਾ ਹੋ ਜਾਣ ਨਾਲ ਮਨੁੱਖ ਦਾ ਮਨ ਸ਼ਾਂਤ ਰਹਿੰਦਾ ਹੈ। ਉਸਦੀ ਭਟਕਣ ਸਮਾਪਤ ਹੋ ਜਾਂਦੀ ਹੈ ਅਤੇ ਅਨੰਦ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

ਆਓ ਵਿਚਾਰ ਕਰੀਏ, ਕਿ 'ਨਾਮ' ਜਪਣ ਨਾਲ ਸੱਚਮੁੱਚ ਹੀ ਦੁੱਖਾਂ, ਮੁਸ਼ਕਲਾਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ? ਪਹਿਲਾਂ ਜਾਨਣਾ ਪਵੇਗਾ ਕਿ ਮਨੁੱਖ ਦੀਆਂ ਦੁੱਖ, ਮੁਸ਼ਕਲਾਂ, ਮਸਲੇ ਕਿਹੜੇ ਹਨ? ਜਿਨ੍ਹਾਂ ਦੇ ਕਾਰਨ ਉਹ ਦੁਖੀ ਰਹਿੰਦਾ ਹੈ। ਹਰ ਮਨੁੱਖ ਦਾ ਜੀਵਨ ਸਰੀਰਕ, ਮਾਨਸਿਕ, ਆਰਥਿਕ, ਰਾਜਨੀਤਿਕ, ਸਮਾਜਿਕ, ਧਾਰਮਿਕ ਆਦਿ ਦੁੱਖਾਂ ਪ੍ਰੇਸ਼ਾਨੀਆਂ ਵਿੱਚ ਘਿਰਿਆ ਹੋਇਆ ਹੈ। ਹੁਣ ਦੇਖਿਆ, ਸਮਝਿਆ, ਜਾਣਿਆਂ ਜਾ ਸਕਦਾ ਹੈ ਕਿ 'ਨਾਮ' ਜਪਣ ਵਾਲੇ ਕਿੰਨੇ ਲੋਕਾਂ ਦੀਆਂ ਇਨ੍ਹਾਂ ਵਿੱਚੋਂ ਕਿਹੜੀਆਂ ਮੁਸ਼ਕਲਾਂ, ਕਿੰਨੇ ਸਮੇਂ 'ਚ 'ਨਾਮ' ਜਪਣ ਨਾਲ ਹੱਲ ਹੋ ਜਾਂਦੀਆਂ ਹਨ ਜਾਂ ਹੋ ਗਈਆਂ ਹਨ। ਆਓ ਜਾਣੀਏ।

ਪਹਿਲਾਂ ਸਰੀਰਕ ਦੁੱਖਾਂ ਬਾਰੇ ਹੀ ਗੱਲ ਕਰ ਲੈਂਦੇ ਹਾਂ। ਇਨ੍ਹਾਂ ਬਾਰੇ ਤਾਂ ਸਪੱਸ਼ਟ ਹੀ ਹੈ ਕਿ 'ਨਾਮ' ਸ਼ਬਦ ਜਪਣ ਨਾਲ ਸਰੀਰਕ ਦੁੱਖਾਂ, ਰੋਗਾਂ, ਬਿਮਾਰੀਆਂ ਦਾ ਹੱਲ ਸੰਭਵ ਨਹੀਂ ਭਾਵ ਹੋ ਹੀ ਨਹੀਂ ਸਕਦਾ, ਕੀਤਾ ਨਹੀਂ ਜਾ ਸਕਦਾ। ਜੇਕਰ ਅਜਿਹਾ ਹੁੰਦਾ ਤਾਂ ਘੱਟੋ-ਘੱਟ 'ਵੱਡੇ' ਧਰਮਾਂ ਵਾਲਿਆਂ, ਸੰਪਰਦਾਵਾਂ, ਡੇਰਿਆਂ, ਸੰਤਾਂ, ਬਾਬਿਆਂ ਨੂੰ ਆਪਣੇ ਹਸਪਤਾਲ ਬਣਾਉਣ, ਖੋਲ੍ਹਣ ਦੀ ਲੋੜ ਨਹੀਂ ਪੈਣੀ ਸੀ ਅਤੇ ਨਾ ਹੀ ਉਨ੍ਹਾਂ ਨੇ ਆਪ ਕਦੇ ਕਿਸੇ ਬਿਮਾਰੀ ਦੀ ਜਕੜ੍ਹ ਵਿੱਚ ਆਉਣਾ ਸੀ। (ਪ੍ਰੰਤੂ ਅੱਜ ਇਨ੍ਹਾਂ ਵਿੱਚੋਂ ਬਹੁਤੇ ਕਿਸੇ ਨਾ ਕਿਸੇ ਬਿਮਾਰੀ ਨਾਲ ਪੀੜਿਤ ਹਨ) ਜੇਕਰ ਅਜਿਹਾ ਹੁੰਦਾ ਤਾਂ ਕਰੋੜਾਂ-ਅਰਬਾਂ ਰੁਪਏ ਦੀ ਬੱਚਤ ਹੋ ਜਾਂਣੀ ਸੀ। ਜਿਹੜੇ ਦਵਾਈਆਂ ਅਤੇ ਬਿਮਾਰੀਆਂ ਦੀਆਂ ਖੋਜਾਂ, ਡਾਕਟਰਾਂ ਦੀ ਪੜ੍ਹਾਈ, ਹਸਪਤਾਲਾਂ ਅਤੇ ਦਵਾਈਆਂ ਆਦਿ ਤੇ ਖ਼ਰਚੇ ਜਾਂਦੇ ਹਨ। ਫਿਰ ਕੋਈ ਵੀ ਵਿਅਕਤੀ ਅਜਿਹਾ ਨਹੀਂ ਸੀ ਮਿਲਣਾ। ਜਿਸ ਨੇ 'ਨਾਮ' ਦੀ ਦਾਤ ਪ੍ਰਾਪਤ ਨਾ ਕੀਤੀ ਹੁੰਦੀ। ਜੋ ਅੱਜ ਨਾਮ ਦੀ ਅਹਿਮੀਅਤ ਦੱਸੀ ਜਾਂ ਪ੍ਰਚਾਰੀ ਜਾ ਰਹੀ ਹੈ ਫਿਰ ਇਸ ਤੋਂ ਕਈ ਗੁਣਾਂ ਵੱਧ ਹੋਣੀ ਸੀ। 'ਨਾਮ-ਦਾਨ' ਪ੍ਰਾਪਤ ਕਰਨ ਲਈ ਜ਼ਰੂਰੀ ਯੋਗਤਾਵਾਂ ਬਹੁਤ ਕਠਨ ਹੋਣੀਆਂ ਸਨ। ਭਾਵੇਂ ਹੁਣ ਵੀ ਕਈ ਡੇਰੇਦਾਰਾਂ,

ਸੰਤ, ਬਾਬਿਆਂ, ਪਾਤਸ਼ਾਹ, ਮਹਾਰਾਜ ਸਾਹਿਬਾਂ ਨੇ ਕੁਝ ਜ਼ਰੂਰੀ ਯੋਗਤਾਵਾਂ ਨਿਰਧਾਰਤ ਕੀਤੀਆਂ ਹੋਈਆਂ ਹਨ। ਜਿਨ੍ਹਾਂ ਦੀ ਝੂਠੀ-ਸੱਚੀ, ਨਿਰਖ-ਪਰਖ ਕਰਨ ਦਾ ਡਰਾਮਾ ਕਰਨ ਉਪਰੰਤ ਹੀ ਸ਼ਰਧਾਲੂਆਂ ਨੂੰ ਨਾਮ ਦੀ ਦਾਤ ਦੇ ਯੋਗ ਸਮਝ ਕੇ ਕੁਝ ਵਿਸ਼ੇਸ਼ ਸ਼ਬਦਾਂ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਕੁਝ ਸ਼ਰਧਾਲੂ ਤਾਂ ਕੋਰਾ ਝੂਠ ਬੋਲ, ਯੋਗਤਾਵਾਂ ਪੂਰੀਆਂ ਕਰਨ ਵਿੱਚ ਵੀ ਕਾਮਯਾਬ ਹੋ ਜਾਂਦੇ ਹਨ। ਕਈ ਡੇਰਿਆਂ ਵਿੱਚ 'ਨਾਮ' ਦੇਣ ਦੇ ਸੰਬੰਧ ਵਿੱਚ ਪਹਿਲਾਂ ਬੁਕਿੰਗ ਕਰਕੇ ਨੰਬਰ (ਟੋਕਨ) ਅਲਾਟ ਕੀਤਾ ਜਾਂਦਾ ਹੈ। 'ਨਾਮ' ਦੇਣ ਦੇ ਮਾਮਲੇ ਵਿੱਚ ਸਿਫ਼ਾਰਸ਼ ਵੀ ਕਿਤੇ-ਕਿਤੇ ਆਪਣਾ ਰੋਲ ਨਿਭਾਉਂਦੀ ਹੈ। 'ਨਾਮ' ਪ੍ਰਾਪਤ ਕਰਨ ਵਾਲੇ ਨੂੰ ਦੂਜੇ ਸ਼ਰਧਾਲੂ ਵਡਭਾਗਾ, ਸ੍ਰੇਸ਼ਟ, ਗੁਰੂ ਪਿਆਰਾ, ਵਿਸ਼ੇਸ਼ ਸਤਿਕਾਰ ਦਾ ਪਾਤਰ ਸਮਝਦੇ ਹਨ। ਜਿਵੇਂ ਉਸਨੇ ਉਲੰਪਿਕ ਦਾ ਕੋਈ ਮੈਡਲ ਜਿੱਤ ਲਿਆ ਹੋਵੇ।

ਪ੍ਰੰਤੂ ਕੀ ਕੈਂਸਰ, ਏਡਜ਼, ਸ਼ੂਗਰ ਆਦਿ ਵਰਗੇ ਰੋਗ 'ਨਾਮ' ਜਪਣ ਵਾਲੇ ਲੋਕਾਂ ਨੂੰ ਨਹੀਂ ਲੱਗਦੇ। ਛੋਟੀਆਂ-ਛੋਟੀਆਂ ਹੋਰ ਬਿਮਾਰੀਆਂ ਨਾਲ ਪ੍ਰਭਾਵਤ ਹਸਪਤਾਲਾਂ ਦੇ ਮੰਜਿਆਂ ਤੇ ਪਏ ਮਰੀਜ਼ਾਂ ਵਿੱਚੋਂ ਬਹੁ-ਗਿਣਤੀ 'ਨਾਮ' ਜਪਣ ਵਾਲੇ ਲੋਕਾਂ ਦੀ ਹੁੰਦੀ ਹੈ। ਇਹ ਦੇਖਿਆ, ਪਰਖਿਆ ਜਾ ਸਕਦਾ ਹੈ। ਇਸ ਲਈ ਕਿਸੇ ਵਿਸ਼ੇਸ 'ਨਾਮ' ਜਪਣ ਨਾਲ ਸਰੀਰਕ ਦੁੱਖ-ਦੂਰ ਹੋਣ ਦੀ ਗੱਲ ਨੂੰ ਨਹੀਂ ਮੰਨਿਆਂ ਜਾ ਸਕਦਾ।

ਵਰਤਮਾਨ ਸਮੇਂ ਖ਼ੁਰਾਕੀ ਵਸਤਾਂ ਕੀੜੇਮਾਰ ਦਵਾਈਆਂ ਦੀ ਵੱਡੇ ਪੱਧਰ ਤੇ ਵਰਤੋਂ ਕਰਕੇ (ਪੰਜਾਬ ਵਿੱਚ ਦੇਸ਼ ਭਰ ਤੋਂ ਵੱਧ) ਉਗਾਈਆਂ, ਪਾਲੀਆਂ ਜਾਂਦੀਆਂ ਹਨ। ਫ਼ਲ, ਸਬਜ਼ੀਆਂ ਨੂੰ ਤਰ੍ਹਾਂ-ਤਰ੍ਹਾਂ ਦੇ ਰਸਾਇਣ ਵਰਤ ਕੇ ਪਕਾਇਆ ਜਾਂਦਾ ਹੈ। ਇਨ੍ਹਾਂ ਦੇ ਆਕਾਰ (ਸਾਈਜ਼) ਵਧਾਉਣ ਅਤੇ ਰੰਗ ਨੂੰ ਦਿਲ ਖਿੱਚਵਾਂ ਬਣਾਉਣ ਲਈ ਮੈਲਾਥੀਆਨ, ਐਲਡਰੀਨ, ਕਰਿਪੋਪਨ, ਟੋਕੀਸੀਜਨ ਰਸਾਇਣਿਕ ਟੀਕੇ ਵਰਤੇ ਜਾ ਰਹੇ ਹਨ। ਹੋਰ ਖਾਣ ਵਾਲੀਆਂ ਵਸਤਾਂ ਵਿੱਚ ਕਈ ਤਰ੍ਹਾਂ ਦੀ ਮਿਲਾਵਟ ਕੀਤੀ ਜਾਂਦੀ ਹੈ। ਇਨ੍ਹਾਂ ਕਰਕੇ ਅਤੇ ਪ੍ਰਦੂਸ਼ਤ ਵਾਤਾਵਰਣ ਨਾਲ ਨਵੇਂ-ਨਵੇਂ ਸਰੀਰਕ ਰੋਗਾਂ ਵਿਚ ਵਾਧਾ ਹੋਈ ਜਾ ਰਿਹਾ ਹੈ। 'ਨਾਮ' ਕਿਸੇ ਤਰ੍ਹਾਂ ਵੀ ਸਰੀਰਕ ਰੋਗਾਂ ਦਾ 'ਦਾਰੂ' ਬਣਕੇ ਦੁੱਖ ਦੂਰ ਨਹੀਂ ਕਰ ਸਕਦਾ। ਸਰੀਰਕ ਤੰਦਰੁਸਤੀ ਵਾਸਤੇ ਜ਼ਰੂਰੀ ਹੈ ਕਿ ਸਾਫ਼ ਸੁਥਰੀਆਂ, ਖ਼ੁਰਾਕੀ ਵਸਤਾਂ ਦੀ ਉਪਲੱਭਤਾ ਯਕੀਨੀ ਬਣਾਈ ਜਾਵੇ। ਵਾਤਾਵਰਣ (ਹਵਾ, ਪਾਣੀ, ਮਿੱਟੀ) ਦੀ ਸ਼ੁੱਧਤਾ ਸੰਭਾਲ ਅਤੇ ਸਹੀ ਵਰਤੋਂ ਬਾਰੇ ਸਮੂਹਿਕ ਯਤਨ ਕਰਨ ਦੀ ਲੋੜ ਹੈ। ਸਰੀਰ ਦੀ ਅਰੋਗਤਾ ਵਾਸਤੇ ਸਾਫ਼-ਸਫ਼ਾਈ ਅਤੇ ਕਸਰਤ ਸਹਾਈ ਹੁੰਦੀਆਂ ਹਨ। ਪਰ ਰੱਬ ਦੇ 'ਨਾਮ' ਜਪਣ ਦਾ ਕਾਰਜ ਕਿਵੇਂ ਵੀ ਸਰੀਰਕ ਅਰੋਗਤਾ ਲਈ ਸਹਾਈ ਹੋਣ ਵਾਲਾ ਸਿੱਧ ਨਹੀਂ ਹੁੰਦਾ।

ਮਾਨਸਿਕ ਤੌਰ ਤੇ ਦੁੱਖੀ ਲੋਕ ਰੋਗੀ (ਮਾਨਸਿਕ ਰੋਗੀ) ਬਣਦੇ ਜਾ ਰਹੇ ਹਨ।

ਜਿਨ੍ਹਾਂ ਦੀ ਗਿਣਤੀ ਵਿੱਚ ਤੀਬਰਤਾ ਨਾਲ ਵਾਧਾ ਹੋ ਰਿਹਾ ਹੈ। 'ਨਾਮ' ਜਪਣ ਨਾਲ ਦੁੱਖਾਂ ਦੇ ਇਲਾਜ ਦਾ ਹੋਕਾ ਦੇਣ ਵਾਲੇ ਅਸਲ 'ਚ ਮਾਨਸਿਕ ਰੋਗੀਆਂ ਲਈ ਪਿੜ ਤਿਆਰ ਕਰ ਰਹੇ ਹਨ। ਕਿਸੇ ਵੀ ਸਮੱਸਿਆ ਤੋਂ ਧਿਆਨ ਪਾਸੇ ਕਰਕੇ ਇਹ ਨਹੀਂ ਮੰਨਿਆਂ ਜਾ ਸਕਦਾ ਕਿ ਮੁਸ਼ਕਲ ਹੱਲ ਹੋ ਗਈ ਹੈ। ਅਜਿਹਾ ਸਮਝਣਾ ਭਰਮ ਦਾ ਸ਼ਿਕਾਰ ਹੋਣਾ ਹੁੰਦਾ ਹੈ। ਜੋ ਭਵਿੱਖ ਵਿੱਚ ਵੱਡੇ ਮਸਲੇ ਦੇ ਰੂਪ 'ਚ ਪ੍ਰਗਟ ਹੁੰਦਾ ਹੈ। ਦਰਦ ਦੀ ਦਵਾਈ ਬਿਮਾਰੀ ਦਾ ਇਲਾਜ ਨਹੀਂ ਹੁੰਦੀ। ਸਹੀ ਇਲਾਜ ਹੀ ਕਿਸੇ ਬਿਮਾਰੀ ਦਾ ਪੱਕਾ ਹੱਲ ਹੁੰਦਾ ਹੈ; ਜਿਵੇਂ ਕਬੂਤਰ ਅੱਖਾਂ ਮੀਟ ਕੇ ਬਿੱਲੀ ਦੀਆਂ ਨਜ਼ਰਾਂ ਤੋਂ ਪਰ੍ਹੇ ਜਾਣ (ਬਚ ਜਾਣ ਦਾ) ਦਾ ਭਰਮ ਪਾਲਦਾ ਹੈ। ਇਸੇ ਤਰ੍ਹਾਂ ਦੀ ਹੀ ਸਿੱਖਿਆ (ਅੱਖਾਂ ਮੀਟਣ ਵਾਲੀ) 'ਨਾਮ' ਜਪਾਉਣ ਵਾਲੇ ਦੇ ਰਹੇ ਹਨ। ਪ੍ਰੰਤੂ ਦੁੱਖ ਦਾ ਹੱਲ ਉਨ੍ਹਾਂ ਚਿਰ ਨਹੀਂ ਹੋ ਸਕਣਾ, ਜਦੋਂ ਤੱਕ ਉਸਦੇ ਕਾਰਨਾਂ ਨੂੰ ਵਿਚਾਰ ਕੇ ਕੋਈ ਅਸਲ, ਸਫ਼ਲ, ਹੱਲ ਨਹੀਂ ਤਲਾਸ਼ਿਆ ਜਾਂਦਾ। ਤਦ ਤੱਕ ਦੁਖੀ ਹੀ ਰਹਿਣਾ ਪਵੇਗਾ।

ਜੇਕਰ ਤੁਸੀਂ ਰੁਜ਼ਗਾਰ ਦੀ ਸਮੱਸਿਆ ਦੇ ਕਾਰਨ ਦੁਖੀ, ਪ੍ਰੇਸ਼ਾਨ ਹੋ? ਤਾਂ ਜਾਣਨਾ ਪਵੇਗਾ ਕਿ ਕੰਮ ਨਾ ਮਿਲਣ ਦੇ ਕੀ ਕਾਰਨ ਹਨ? ਉਹ ਕਾਰਨ, ਹਾਲਾਤ ਕਿਵੇਂ ਪੈਦਾ ਹੋਏ? ਉਨ੍ਹਾਂ ਲਈ ਜ਼ਿੰਮੇਵਾਰ ਕੌਣ ਹੈ? ਇਸ ਦਾ ਸਹੀ ਹੱਲ ਕਿਵੇਂ ਕੀਤਾ ਜਾ ਸਕਦਾ ਹੈ ਜਾਂ ਹੋ ਸਕਦਾ ਹੈ? ਜੇਕਰ ਇਸ ਤਰ੍ਹਾਂ ਨਹੀਂ ਸੋਚੋਗੇ ਤਾਂ ਤੁਹਾਡੀ ਰੁਜ਼ਗਾਰ ਦੀ ਸਮੱਸਿਆ ਹੱਲ ਨਹੀਂ ਹੋਵੇਗੀ ਤੇ ਦੁੱਖ, ਪ੍ਰੇਸ਼ਾਨੀ ਕਾਇਮ ਰਹੇਗੀ। ਜੇਕਰ ਹੋਰ ਕਿਸੇ ਘਰੇਲੂ ਮਾਮਲੇ, ਬਿਮਾਰੀ, ਔਲਾਦ, ਪੜ੍ਹਾਈ, ਜਾਇਦਾਦ, ਪਤੀ-ਪਤਨੀ, ਵਿਦੇਸ਼ ਯਾਤਰਾ, ਆਦਿ ਦੀ ਸਮੱਸਿਆ ਨਾਲ ਅਸ਼ਾਂਤ ਹੋ ਤਾਂ ਉਸਦੇ ਮੂਲ ਕਾਰਨ ਜਾਣੇ ਬਿਨਾਂ ਕਿਸੇ ਸਫ਼ਲ ਨਤੀਜੇ ਤੇ ਨਹੀਂ ਪਹੁੰਚ ਸਕਦੇ। ਜੇਕਰ ਕੋਈ ਸਿਰਫ਼ 'ਨਾਮ' ਜਪਣ ਨਾਲ ਮਾਨਸਿਕ ਸਮੱਸਿਆ, ਪ੍ਰੇਸ਼ਾਨੀ, ਦੁੱਖ ਦਾ ਹੱਲ ਹੋ ਜਾਣ ਬਾਰੇ ਕਹਿੰਦਾ ਹੈ ਤਾਂ ਉਹ ਕਬੂਤਰ ਵਾਂਗ ਅੱਖਾਂ ਮੀਟਣ ਵਾਲੀ ਗੱਲ ਤੋਂ ਵੱਧ ਕੁਝ ਵੀ ਨਹੀਂ ਹੋਵੇਗਾ। ਕਹਿਣ ਦਾ ਭਾਵ ਕਿਸੇ ਦੁੱਖ-ਪ੍ਰੇਸ਼ਾਨੀ, ਸਮੱਸਿਆ, ਰੋਗ ਦੇ ਮੂਲ ਕਾਰਨਾਂ ਨੂੰ ਜਾਣ ਕੇ ਉਨ੍ਹਾਂ ਦੇ ਹੱਲ, ਇਲਾਜ ਬਾਰੇ ਸਹੀ ਪਹੁੰਚ ਅਪਣਾਏ ਬਿਨਾਂ ਕੋਈ ਨਤੀਜਾ ਨਹੀਂ ਨਿਕਲੇਗਾ। ਸਿਰਫ਼ 'ਨਾਮ' ਜਪਣ ਨਾਲ ਕਿਸੇ ਦਾ ਵੀ 'ਮਾਨਸਿਕ ਦੁੱਖ' ਪ੍ਰੇਸ਼ਾਨੀ ਦਾ ਹੱਲ ਨਹੀਂ ਹੋ ਸਕਦਾ।

ਕੀ ਆਰਥਿਕ ਤੌਰ ਤੇ ਪ੍ਰੇਸ਼ਾਨ, ਦੁਖੀ ਵਿਅਕਤੀ ਦਾ ਮਸਲਾ 'ਨਾਮ' ਜਪਣ ਨਾਲ ਹੱਲ ਹੋ ਜਾਂਦਾ ਹੈ? ਤੁਸੀਂ ਅਜਿਹੇ ਕਿੰਨੇ ਵਿਅਕਤੀਆਂ ਨੂੰ ਜਾਣਦੇ ਹੋ? ਜਿਨ੍ਹਾਂ ਨੇ ਸਿਰਫ਼ 'ਨਾਮ' ਜਪਣ ਨਾਲ ਆਪਣੀ ਆਰਥਿਕ ਸਮੱਸਿਆਵਾਂ ਦਾ ਹੱਲ ਕਰ ਲਿਆ ਹੋਵੇ। ਸ਼ਾਇਦ ਅਜਿਹਾ ਇੱਕ ਵੀ ਵਿਅਕਤੀ ਪੇਸ਼ ਕਰਨਾ ਮੁਸ਼ਕਲ ਹੋ ਜਾਵੇਗਾ। ਜੇਕਰ ਫਿਰ ਵੀ ਸਮਝਦੇ ਹੋ ਕਿ ਕਿਸੇ ਵਿਅਕਤੀ ਨਾਲ ਅਜਿਹਾ ਵਾਪਰਿਆ ਹੈ ਤਾਂ ਉਸਦੇ

ਕੰਮ-ਢੰਗ ਬਾਰੇ ਵਿਸਥਾਰਤ ਜਾਣਕਾਰੀ ਪ੍ਰਾਪਤ ਕਰਨੀ ਪਵੇਗੀ। ਫਿਰ ਉਸ ਦੀ ਜਾਂਚ-ਪੜਤਾਲ, ਲੇਖਾ-ਜੋਖਾ ਕੀਤਾ ਜਾਵੇਗਾ। ਜਦੋਂ ਉਹਦੇ ਕੰਮ ਢੰਗ ਬਾਰੇ ਪ੍ਰਾਪਤ ਜਾਣਕਾਰੀ ਦੇ ਅਧਾਰਤ ਨਤੀਜੇ ਤੇ ਪਹੁੰਚਾਂਗੇ ਤਾਂ 'ਨਾਮ' ਜਪਣ ਦਾ ਰੋਲ ਕਿਧਰੇ ਵੀ ਦਿਖਾਈ ਨਹੀਂ ਦੇਵੇਗਾ। ਸਿਰਫ਼ ਉਸਦੀ ਕਿਰਤ ਅਤੇ ਮਿਹਨਤ (ਸਰੀਰਕ ਤੇ ਮਾਨਸਿਕ) ਹੀ ਉਸਦੀ ਸਫ਼ਲ ਆਰਥਿਕਤਾ ਦਾ ਰਾਜ ਹੋਵੇਗਾ। ਨਾਮ-ਜਪਣ ਦੇ ਕਾਰਜ ਦਾ ਰੋਲ ਭੋਰਾ ਭਰ ਵੀ ਕਿਧਰੇ ਦਿਖਾਈ ਨਹੀਂ ਦੇਵੇਗਾ।

ਦੇਸ਼-ਵਿਦੇਸ਼ ਦੇ ਅਰਬਪਤੀਆਂ, ਕਰੋੜਪਤੀਆਂ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਵੀ ਇਸ ਝੂਠੇ ਪ੍ਰਚਾਰ ਦਾ ਭਾਂਡਾ ਚੌਰਾਹੇ ਫੁੱਟ ਜਾਂਦਾ ਹੈ। ਦੁਨੀਆਂ ਭਰ 'ਚ 946 ਅਰਬਪਤੀਆਂ ਵਿੱਚੋਂ ਮਾਈਕਰੋਸਾਫਟ ਕੰਪਨੀ ਦਾ ਬਾਨੀ ਬਿਲ ਗੇਟਸ ਪਿਛਲੇ ਤੇਰਾਂ ਸਾਲਾਂ ਤੋਂ ਅਮੀਰਾਂ ਦੀ ਸ਼੍ਰੇਣੀ 'ਚ ਬੁਲੰਦੀ ਤੇ ਹੈ ਅਤੇ ਉਸ ਕੋਲ 56 ਅਰਬ ਡਾਲਰ ਦੀ ਦੌਲਤ ਹੈ। ਭਾਰਤੀ ਮੂਲ ਦਾ ਲਕਸ਼ਮੀ ਮਿੱਤਲ, ਜਿਹੜਾ ਆਰਸੇਲਰ ਮਿੱਤਲ ਕੰਪਨੀ ਦਾ ਮਾਲਕ ਹੈ। ਉਹ ਦੁਨੀਆਂ ਦਾ ਪੰਜਵਾਂ ਸਭ ਤੋਂ ਅਮੀਰ ਵਿਅਕਤੀ ਹੈ। ਉਸ ਕੋਲ 32 ਅਰਬ ਡਾਲਰ ਦੀ ਦੌਲਤ ਹੈ। ਇਨ੍ਹਾਂ ਤੋਂ ਬਿਨ੍ਹਾਂ ਅੰਬਾਨੀ ਭਰਾਵਾਂ ਮੁਕੇਸ਼ ਅੰਬਾਨੀ ਕੋਲ 20.1 ਅਰਬ ਡਾਲਰ ਅਤੇ ਅਨਿਲ ਅੰਬਾਨੀ ਕੋਲ 18.2 ਅਰਬ ਡਾਲਰ ਹੈ। ਇਨ੍ਹਾਂ ਸਮੇਤ ਭਾਰਤ ਵਿੱਚ ਅਜਿਹੇ 36 ਹੋਰ ਅਰਬਪਤੀ ਹਨ। ਇਨ੍ਹਾਂ ਵਿੱਚੋਂ ਕੋਈ ਵੀ ਘੱਟੋ-ਘੱਟ ਤੁਹਾਡੇ ਤੋਂ ਵੱਧ 'ਨਾਮ' ਜਪਣ ਵਾਲਾ ਨਹੀਂ ਹੋਣਾ। ਪੱਕੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ। ਪਰ ਤੁਹਾਡੀ ਤੇ ਇਨ੍ਹਾਂ ਦੀ ਆਰਥਿਕਤਾ ਦਾ ਸੈਂਕੜੇ-ਹਜ਼ਾਰਾਂ ਨਹੀਂ ਲੱਖਾਂ ਗੁਣਾਂ ਫ਼ਰਕ ਸਾਹਮਣੇ ਹੈ। ਉਪਰੋਕਤ ਵਰਗੇ ਹੀ ਹੋਰ 311 ਪੂੰਜੀਪਤੀ ਅਜਿਹੇ ਹਨ। ਜਿਨ੍ਹਾਂ ਦੀ ਪ੍ਰਤੀ ਰੋਜ਼ਾਨਾ ਆਮਦਨ (ਮੁਨਾਫ਼ਾ ਨਹੀਂ) 88 ਕਰੋੜ 50 ਲੱਖ ਰੁਪਏ ਤੋਂ ਉਪਰ ਹੈ। ਜਦੋਂ ਕਿ 40 ਕਰੋੜ ਲੋਕ ਭਾਰਤੀ ਅਜਿਹੇ ਹਨ ਜਿਹਨਾਂ ਦੀ ਰੋਜ਼ਾਨਾ ਉਜਰਤ 35 ਰੁਪਏ ਦਾ ਅੰਕੜਾ ਪਾਰ ਨਹੀਂ ਕਰਦੀ। ਕੀ ਇਹ ਕਿਹਾ ਜਾਵੇ, ਮੰਨਿਆਂ ਜਾਵੇ, ਪੂੰਜੀਪਤੀ ਬਹੁਤਾ ਰੱਬ ਦਾ 'ਨਾਮ' ਜਪਦੇ ਹਨ ਅਤੇ 40 ਕਰੋੜ ਭੁੱਖਮਰੀ ਵਰਗਾ ਜੀਵਨ ਬਤੀਤ ਕਰਨ ਵਾਲੇ ਬਹੁਤ ਘੱਟ 'ਨਾਮ' ਜਪਦੇ ਹਨ ਜਾਂ ਬਿਲਕੁਲ ਵੀ ਨਹੀਂ।

ਇਸ ਤੋਂ ਇਲਾਵਾ ਆਪਣੇ ਨੇੜੇ ਰਹਿਣ ਵਾਲੇ ਹੋਰ ਅਮੀਰ ਵਿਅਕਤੀਆਂ ਦੀ ਜ਼ਿੰਦਗੀ 'ਚ ਝਾਤੀ ਮਾਰ ਕੇ ਦੇਖ ਲੈਣਾ ਕਿ ਉਹ 'ਨਾਮ' ਜਪਣ ਨਾਲ ਜਾਂ ਦੂਜਿਆਂ ਦੀ ਕਿਸੇ ਤਰੀਕੇ (ਸਿੱਧੇ-ਅਸਿੱਧੇ) ਲੁੱਟ ਕਰਕੇ ਅਮੀਰ ਹੋਏ ਹਨ। ਇਹ ਸਪੱਸ਼ਟ ਹੋ ਜਾਵੇਗਾ ਕਿ 'ਨਾਮ' ਜਪਣ ਦਾ ਕਾਰਜ ਕਿਸੇ ਦੀ ਆਰਥਿਕ ਪ੍ਰੇਸ਼ਾਨੀ 'ਦੁੱਖ' ਦਾ ਇਲਾਜ ਬਣਨ ਦੀ ਯੋਗਤਾ ਨਹੀਂ ਰੱਖਦਾ।

ਕੀ ਕਿਸੇ ਰਾਜਨੀਤਕ ਸਮੱਸਿਆ (ਦੁੱਖ) ਦਾ ਹੱਲ 'ਨਾਮ' ਜਪਣ ਨਾਲ ਹੋ

ਜਾਂਦਾ ਹੈ? ਇਸ ਸਵਾਲ ਦਾ ਜਵਾਬ ਕੀ ਇਹ ਦਿੱਤਾ ਜਾ ਸਕਦਾ ਹੈ? 'ਨਾਮ ਜਪਿਆ ਨਾ ਭਗਤੀ ਕੀਤੀ, ਕਿੱਥੋਂ ਭਾਲੇ ਰਾਜਗੱਦੀਆਂ' ਭਾਵ ਨਾਮ-ਜਪਣ ਨਾਲ ਹੀ ਪੰਚ, ਸਰਪੰਚ, ਚੇਅਰਮੈਨ, ਪ੍ਰਧਾਨ, ਸਕੱਤਰ, ਐਮ.ਐਲ.ਏ, ਮੁੱਖ-ਮੰਤਰੀ, ਰਾਜਪਾਲ, ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੇ ਅਹੁਦੇ ਰਾਜਗੱਦੀਆਂ ਪ੍ਰਾਪਤ ਹੁੰਦੀਆਂ ਹਨ। 'ਨਾਮ' ਜਪਣ ਤੋਂ ਬਿਨਾਂ ਨਹੀਂ। ਪ੍ਰੰਤੂ ਸਾਰੇ ਜਾਣਦੇ ਹਨ ਕਿ ਛੋਟੀ-ਵੱਡੀ ਕੋਈ ਵੀ ਰਾਜਗੱਦੀ 'ਨਾਮ' ਜਪਣ ਨਾਲ ਨਹੀਂ ਮਿਲਦੀ। ਇਸ ਦੇ ਵਾਸਤੇ ਚਮਚਾਗਿਰੀ ਦੇ ਨਾਲ-ਨਾਲ ਧਨ ਦੀ ਦੁਰਵਰਤੋਂ ਵੀ ਕਰਨੀ ਪੈਂਦੀ ਹੈ। (ਧਨ ਦੀ ਵਰਤੋਂ ਉਹ ਹੁੰਦੀ ਹੈ ਜੋ ਲੋਕ-ਹਿੱਤ ਵਾਲੇ ਕੰਮ ਕਰਨ ਲਈ ਕੀਤੀ ਜਾਂਦੀ ਹੈ। ਪ੍ਰੰਤੂ ਰਾਜਗੱਦੀ ਪ੍ਰਾਪਤ ਕਰਨ ਲਈ ਕੀਤੀ ਗਈ ਧਨ ਦੀ ਵਰਤੋਂ ਨੂੰ ਦੁੱਰਵਰਤੋਂ ਹੀ ਕਿਹਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਰਾਜਗੱਦੀ ਪ੍ਰਾਪਤ ਕਰਨ ਉਪਰੰਤ ਫਿਰ ਹਰ ਚੰਗੇ-ਮਾੜੇ ਕੰਮ ਕਰਕੇ ਚੋਣਾਂ ਦੌਰਾਨ ਖ਼ਰਚ ਕੀਤੇ ਪੈਸੇ ਤੋਂ ਵੱਧ ਕਮਾਉਣ ਦੇ ਯਤਨ ਕੀਤੇ ਜਾਂਦੇ ਹਨ।) ਫਿਰ ਹੀ ਕੋਈ ਛੋਟੀ-ਵੱਡੀ ਰਾਜਗੱਦੀ ਪ੍ਰਾਪਤ ਕੀਤੀ ਜਾ ਸਕਦੀ ਹੈ। ਫਰਵਰੀ 2007 ਦੀਆਂ ਅਸੰਬਲੀ ਚੋਣਾਂ ਅਤੇ ਉਸ ਤੋਂ ਪਹਿਲਾਂ ਵੀ ਸਭ ਨੇ ਦੇਖਿਆ ਹੈ ਕਿ ਫ਼ੋਕੇ ਨਾਹਰਿਆਂ ਨਾਲ ਮੂਰਖ ਬਣਾ ਕੇ ਅਤੇ ਨਸ਼ੇ, ਨੋਟ ਤੇ ਵਸਤਾਂ ਵੋਟਰਾਂ ਨੂੰ ਵੰਡ ਕੇ ਪੰਜਾਬ ਦੀ ਰਾਜਗੱਦੀ ਪ੍ਰਾਪਤ ਕੀਤੀ ਗਈ ਹੈ, ਨਾ ਕਿ 'ਨਾਮ' ਜਪ ਕੇ। ਇਸ ਤੋਂ ਪਹਿਲਾਂ ਪੰਚਾਇਤੀ ਚੋਣਾਂ ਸਮੇਂ ਵੀ ਅਜਿਹਾ ਕੁਝ ਹੀ ਕੀਤਾ ਗਿਆ ਸੀ। ਛੋਟੇ-ਛੋਟੇ ਪਿੰਡਾਂ ਵਿੱਚ ਵੀ ਲੱਖਾਂ ਰੁਪਿਆਂ ਦੀ ਦੁਰਵਰਤੋਂ ਕੀਤੀ ਗਈ ਸੀ। ਪੰਜਾਬ ਅੰਦਰ ਤਾਂ ਕੀ ਦੇਸ਼ ਭਰ ਵਿੱਚ ਵੀ ਕੋਈ ਅਜਿਹਾ ਪੰਚਾਇਤ ਮੈਂਬਰ ਨਹੀਂ ਹੋਣਾ। ਜਿਸ ਨੇ ਇਹ ਛੋਟੀ ਜਿਹੀ ਰਾਜਗੱਦੀ ਸਿਰਫ਼ 'ਨਾਮ' ਜਪ ਕੇ ਪ੍ਰਾਪਤ ਕੀਤੀ ਹੋਵੇਗੀ। ਇਸ ਤੋਂ ਸਮਝਿਆ, ਜਾਣਿਆ, ਮੰਨਿਆ ਜਾ ਸਕਦਾ ਹੈ ਕਿ 'ਨਾਮ' ਜਪ ਕੇ ਨਿੱਕੀ ਜਿਹੀ ਵੀ ਰਾਜਗੱਦੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਹੋਰ ਕਿਸੇ ਨੂੰ ਇਸ ਆਸ ਤੇ ਰਹਿਣਾ ਚਾਹੀਦਾ ਹੈ।

ਅੱਜ ਜਿਹੜੇ ਵਿਅਕਤੀ ਦੇਸ਼-ਵਿਦੇਸ਼ ਦੀਆਂ ਵੱਡੀਆਂ ਰਾਜਗੱਦੀਆਂ 'ਤੇ ਬਿਰਾਜਮਾਨ ਹਨ। ਉਨ੍ਹਾਂ 'ਚੋਂ ਕਿਸੇ ਇੱਕ (ਮਨਮੋਹਨ ਸਿੰਘ, ਡਾ ਅਬਦੁੱਲ ਕਲਾਮ, ਪ੍ਰਤਿਭਾ ਪਾਟਿਲ ਪ੍ਰਕਾਸ਼ ਸਿੰਘ ਬਾਦਲ, ਮਾਇਆਵਤੀ, ਸੋਮਨਾਥ ਚੈਟਰਜੀ ਜਾਂ ਇਨ੍ਹਾਂ ਵਰਗੇ ਜਿਹੜੇ ਹੋਰ ਹਨ) ਨੂੰ ਫ਼ੋਨ ਕਰਕੇ ਜਾਂ ਖ਼ਤ ਲਿਖ ਕੇ ਜ਼ਰੂਰ ਪਤਾ ਕਰ ਲੈਣਾ ਕਿ ਉਹ ਕਿੰਨਾ ਸਮਾਂ, ਹਰ ਰੋਜ਼ ਕਿਹੜਾ, ਕਿਸ 'ਰੱਬ' ਦਾ 'ਨਾਮ' ਜਪਦੇ ਹਨ। ਜੇਕਰ ਇਨ੍ਹਾਂ ਨੂੰ ਨਹੀਂ ਪੁੱਛਣਾ ਤਾਂ ਪੱਛਮੀ ਬੰਗਾਲ ਦੇ ਪੰਜ ਵਾਰ ਲਗਾਤਾਰ ਮੁੱਖ-ਮੰਤਰੀ ਰਹਿ ਚੁੱਕੇ ਸ੍ਰੀ ਜੋਤੀ ਬਾਸੂ ਤੋਂ ਜ਼ਰੂਰ ਪੁੱਛਿਓ। ਜਿਸ ਨੇ ਲੰਮਾ ਸਮਾਂ ਰਾਜਗੱਦੀ ਦਾ ਅਨੰਦ ਮਾਣਿਆਂ ਹੈ। ਉਹ ਜ਼ਰੂਰ ਬਾਕੀਆਂ ਤੋਂ ਵੱਧ 'ਨਾਮ' ਜਪਦਾ ਹੋਵੇਗਾ। ਨਹੀਂ ਤਾਂ ਵਾਜਪਾਈ ਵਾਂਗੂੰ 13 ਦਿਨਾਂ ਬਾਦ ਹੀ ਸਰਕਾਰ ਡਿੱਗ ਜਾਣੀ ਸੀ। ਨਾਮ-ਜਪਣ ਬਾਰੇ

ਅਟਲ ਬਿਹਾਰੀ ਵਾਜਪਾਈ ਤੋਂ ਵੀ ਜਾਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਇੱਕ ਵਾਰ 13 ਦਿਨਾਂ ਬਾਅਦ ਸਰਕਾਰ ਡਿੱਗ ਪਈ। ਪ੍ਰੰਤੂ ਫਿਰ 23 ਪਾਰਟੀਆਂ ਦੇ ਸਹਿਯੋਗ ਨਾਲ ਪੂਰਾ ਸਮਾਂ ਸਰਕਾਰ ਚਲਾਈ। ਇਸ ਵਿੱਚ ਨਾਮ-ਜਪਣ ਦਾ ਕਮਾਲ ਸੀ ਜਾਂ ਕੋਈ ਹੋਰ ਭੇਦ। ਇਹ ਤਾਂ ਦੂਰ ਦੀਆਂ ਗੱਲਾਂ ਹਨ। ਆਪਣੇ ਪੰਚਾਇਤ ਮੈਂਬਰਾਂ ਵੱਲ ਧਿਆਨ ਮਾਰ ਕੇ ਦੇਖੋ। ਉਨ੍ਹਾਂ 'ਚ ਕਿੰਨੇ ਨਾਮ-ਜਪਣ ਵਾਲੇ ਹਨ, ਤੇ ਕਿੰਨੇ ਨਿੱਤ ਦੇ ਸ਼ਰਾਬੀ ਤਾਂ ਕਿ ਸਪੱਸ਼ਟ ਹੋ ਜਾਵੇ। ਨਾਮ-ਜਪਣ ਨਾਲ ਰਾਜਗੱਦੀ ਪ੍ਰਾਪਤ ਨਹੀਂ ਹੁੰਦੀ ਤੇ ਨਾ ਕੀਤੀ ਜਾ ਸਕਦੀ ਹੈ।

ਇਸ ਲਈ ਮੰਨਿਆ ਜਾਣਾ ਚਾਹੀਦਾ ਹੈ ਕਿ ਕਿ ਰਾਜਗੱਦੀ ਪ੍ਰਾਪਤ ਕਰਨ ਵਾਂਗ ਹੀ ਹੋਰ ਕਿਸੇ ਰਾਜਨੀਤਿਕ ਸਮੱਸਿਆ (ਦੁੱਖ) ਦਾ ਦਾਰੂ (ਹੱਲ) ਵੀ ਨਾਮ-ਜਪਣ ਨਾਲ ਸੰਭਵ ਨਹੀਂ। ਪ੍ਰੰਤੂ ਰਾਜਨੀਤਿਕ ਸਮੱਸਿਆ ਦੇ ਹਰ ਪਹਿਲੂ ਨੂੰ ਵਿਚਾਰ ਕੇ, ਜਾਣ ਕੇ ਹੀ ਉਸਦਾ ਸਰਵਪ੍ਰਵਾਨਤ ਹੱਲ ਲੱਭਿਆ ਜਾ ਸਕਦਾ ਹੈ।

ਸਮਾਜਿਕ 'ਦੁੱਖ' ਤੋਂ ਭਾਵ ਜੇਕਰ ਕਿਸੇ ਵਿਅਕਤੀ ਨੂੰ ਘਰ-ਪਰਿਵਾਰ ਅਤੇ ਸਮਾਜ ਵਿੱਚ ਮਾਨ-ਸਨਮਾਨ ਨਾ ਮਿਲੇ ਤਾਂ ਉਹ ਪ੍ਰੇਸ਼ਾਨ ਅਤੇ ਦੁੱਖੀ ਰਹਿੰਦਾ ਹੈ। ਕੀ ਇਸ ਦਾ ਇਲਾਜ 'ਨਾਮ' ਦੇ ਦਾਰੂ ਨਾਲ ਕੀਤਾ ਜਾ ਸਕਦਾ ਹੈ?

ਪਹਿਲਾਂ ਜਾਨਣਾ ਪਵੇਗਾ ਕਿ ਕਿਸੇ ਵਿਅਕਤੀ ਨੂੰ ਆਪਣੇ ਪਰਿਵਾਰ ਵਿੱਚ ਮਾਣ-ਸਨਮਾਨ ਕਿਉਂ ਤੇ ਕਿਵੇਂ ਮਿਲਦਾ ਹੈ। ਇਹਦੇ ਵਿੱਚ 'ਨਾਮ' ਜਪਣ ਦਾ ਕਿੰਨਾ ਯੋਗਦਾਨ ਹੈ, ਦੇਖਿਆ, ਸਮਝਿਆ ਜਾ ਸਕਦਾ ਹੈ। ਹਰ ਘਰ ਅਤੇ ਸਮਾਜ ਅੰਦਰ ਮਾਨ-ਸਨਮਾਨ ਉਸ ਵਿਅਕਤੀ ਨੂੰ ਹੀ ਮਿਲਦਾ ਹੈ। ਜਿਹੜਾ ਪਰਿਵਾਰ ਅਤੇ ਸਮਾਜ ਦੀ ਤਰੱਕੀ ਵਾਸਤੇ ਆਪਣੀ ਯੋਗਤਾ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰਦਾ ਹੈ। ਜਿੰਨਾ ਵੀ ਕੋਈ ਵੱਧ ਯੋਗਦਾਨ ਪਾਉਂਦਾ ਹੈ, ਓਨਾ ਹੀ ਉਸਦਾ ਵੱਧ ਸਨਮਾਨ ਕੀਤਾ ਜਾਂਦਾ ਹੈ। ਉਸ ਦੀ ਬੋਲ-ਚਾਲ, ਰਹਿਣੀ-ਬਹਿਣੀ, ਕਹਿਣੀ-ਕਰਨੀ ਦੇ ਮੁਤਾਬਕ ਉਸਦੇ ਆਦਰ ਸਤਿਕਾਰ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਜਿਹੜੇ ਵਿਅਕਤੀ ਆਪਣੇ ਹਿੱਤ ਮੂਹਰੇ ਰੱਖ ਕੇ ਪਰਿਵਾਰ ਅਤੇ ਸਮਾਜ ਦੇ ਲਈ ਕੰਮ ਕਰਨ ਦਾ ਪਾਖੰਡ ਕਰਦੇ ਹਨ। ਪ੍ਰੰਤੂ ਪਰਦਾ ਚੁੱਕ ਹੋ ਜਾਣ ਤੇ ਉਨ੍ਹਾਂ ਨੂੰ ਅਸਲ ਟਿਕਾਣੇ ਤੇ ਪਹੁੰਚਾ ਦਿੱਤਾ ਜਾਂਦਾ ਹੈ। 'ਨਾਮ' ਜਪਣ ਨਾਲ ਕਿਸੇ ਦਾ ਮਾਨ-ਸਨਮਾਨ ਹੁੰਦਾ ਹੋਵੇ ਜਾਂ ਉਸ ਦੇ ਵਿੱਚ ਵਾਧਾ ਹੋ ਜਾਂਦਾ ਹੋਵੇ ਅਜਿਹਾ ਬਿਲਕੁੱਲ ਵੀ ਨਹੀਂ ਮੰਨਿਆ ਜਾ ਸਕਦਾ। ਕੋਈ ਵਿਅਕਤੀ ਘਰ ਬੈਠਾ ਮਾਲਾ ਫੇਰ-ਫੇਰ ਘਸਾਈ ਜਾਂਦਾ ਹੈ, ਭਾਵ ਮਣਕੇ ਤੇ ਮਣਕਾ ਘੁੰਮਾਈ ਜਾਂਦਾ ਹੈ। ਉਹਦੇ ਘਰ ਅਤੇ ਬਾਹਰ ਵਾਲੇ ਸਿਰਫ਼ ਅਜਿਹਾ ਕਰਨ ਕਰਕੇ ਉਸਦਾ ਕਿੰਨਾ ਕੁ ਸਨਮਾਨ ਕਰਨਗੇ ਤੇ ਕਿਉਂ? ਜਦੋਂ ਕਿ 'ਨਾਮ' ਜਪਣ ਅਤੇ 'ਨਾਮ' ਜਪਾਉਣ ਦਾ ਪ੍ਰਚਾਰ ਕਰਨ ਵਾਲੇ ਕਹਿੰਦੇ ਹਨ, ਫ਼ੁਰਮਾਉਂਦੇ ਹਨ, ਵਚਨ ਕਰਦੇ ਹਨ

ਕਿ, 'ਨਾਮ' ਜਪਣ ਦਾ ਲਾਭ ਸਿਰਫ਼ ਜਪਣ ਵਾਲੇ ਨੂੰ ਹੀ ਹੁੰਦਾ ਹੈ। ਇਹ ਹੀ ਕਿਸੇ ਮਨੁੱਖ ਦੇ ਨਾਲ ਸਵਰਗ-ਨਰਕ ਪੁਰੀ ਨੂੰ ਜਾਂਦਾ ਹੈ। ਬਾਕੀ ਸਭ ਕੁਝ ਤਾਂ ਇੱਥੇ ਇਸ ਜਹਾਨ ਵਿੱਚ ਹੀ ਰਹਿ ਜਾਂਦਾ ਹੈ। ਜੇਕਰ ਕਿਸੇ ਵਿਅਕਤੀ ਦੇ 'ਨਾਮ' ਜਪਣ ਨਾਲ ਪਰਿਵਾਰ ਤੇ ਸਮਾਜ ਨੂੰ ਜ਼ਰੇ ਜਿੰਨਾ ਵੀ ਲਾਭ ਨਹੀਂ ਹੋਣਾ ਤਾਂ ਉਸਦਾ ਆਦਰ, ਸਤਿਕਾਰ ਵੀ ਕੋਈ ਨਹੀਂ ਕਰੇਗਾ। ਇਹ ਸਵਾਲ ਆਪਣੇ ਆਪ ਨੂੰ ਕਰਕੇ ਦੇਖ ਲਵੋ। ਤੁਸੀਂ ਕਿਸੇ ਦਾ ਕਿਉਂ ਮਾਣ-ਸਨਮਾਨ ਕਰਦੇ ਹੋ ਤੇ ਤੁਹਾਡਾ ਕੋਈ ਆਦਰ ਕਿਉਂ ਕਰਦਾ ਹੈ? ਸਭ ਕੁਝ ਸਪੱਸ਼ਟ ਹੋ ਜਾਵੇਗਾ।

ਇਸ ਲਈ ਮੰਨਿਆਂ ਜਾ ਸਕਦਾ ਹੈ ਕਿ 'ਨਾਮ' ਜਪਣ ਨਾਲ ਕਿਸੇ ਦਾ 'ਸਮਾਜਿਕ ਦੁੱਖ' ਦੂਰ ਨਹੀਂ ਹੋ ਸਕਦਾ। ਪ੍ਰੰਤੂ ਇਹ ਸਹੀ ਹੈ ਕਿ ਪਰਿਵਾਰ ਅਤੇ ਸਮਾਜ ਵਾਸਤੇ ਆਪਣੇ ਹਿੱਤ ਨੂੰ ਪਾਸੇ ਕਰਕੇ ਪਰ-ਹਿੱਤ ਦਾ ਧਿਆਨ ਧਰ, ਕਾਰਜ ਕਰਨ ਵਾਲੇ ਲੋਕਾਂ, ਵਿਅਕਤੀਆਂ ਦਾ ਆਦਰ, ਸਤਿਕਾਰ, ਸਨਮਾਨ ਸਦਾ ਕਾਇਮ ਰਹਿੰਦਾ ਹੈ।

ਮਨੁੱਖ ਆਪਣੀ ਜ਼ਿੰਦਗੀ ਦੀਆਂ ਸਮੱਸਿਆਵਾਂ ਤੋਂ ਦੁਖੀ ਧਰਮਾਂ ਵਾਲਿਆਂ ਦੇ ਦਿਲ-ਲੁਭਾਊ, ਮਨ ਭਰਮਾਊ ਵਾਕ-ਵਚਨਾਂ, ਪ੍ਰਚਨਾਂ ਤੋਂ ਪ੍ਰਭਾਵਤ ਹੋ ਕੇ ਇਨ੍ਹਾਂ ਦੇ ਮਾਇਆ ਜਾਲ ਵਿੱਚ ਫਸ ਜਾਂਦਾ ਹੈ ਭਾਵ ਧਰਮ ਧਾਰਨ ਕਰ ਲੈਂਦਾ ਹੈ। 'ਸਾਰਿਆਂ ਦੁੱਖਾਂ ਦਾ ਦਾਰੂ, ਇੱਕ ਤੇਰਾ ਨਾਮ ਦਾਤਿਆ, ਵਰਗੀਆਂ ਸਤਰਾਂ ਸੁਣ ਕੇ 'ਨਾਮ' ਪ੍ਰਾਪਤ ਕਰਕੇ ਕਿਸੇ ਧਰਮ, ਸੰਪਰਦਾ, ਸੰਤ, ਬਾਬੇ, ਡੇਰੇਦਾਰ ਦਾ ਸੇਵਕ ਬਣ ਜਾਂਦਾ ਹੈ। ਭੁਲੇਖੇ ਦਾ ਸ਼ਿਕਾਰ ਹੋ ਜਾਂਦਾ ਹੈ। ਜਿਵੇਂ ਕਿਹਾ ਜਾਂਦਾ ਹੈ 'ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ' ਇਹੋ ਜਿਹਾ ਹੀ ਉਸ ਵਿਅਕਤੀ ਨਾਲ ਵਾਪਰਦਾ ਹੈ। 'ਨਾਮ' ਲੈ ਕੇ ਧਰਮ ਧਾਰਨ ਕਰਨ ਨਾਲ ਹੀ ਕਈ ਹੋਰ ਮੁਸ਼ਕਲਾਂ, ਦੁੱਖ ਪੈਦਾ ਹੋ ਜਾਂਦੇ ਹਨ, ਆ ਚਿੰਬੜਦੇ ਹਨ। (ਦੁਨੀਆਂ ਭਰ ਦੇ ਬੁੱਧੀਜੀਵੀ ਧਰਮ ਨੂੰ ਸਮੱਸਿਆਵਾਂ ਦੀ ਜੜ੍ਹ ਸਮਝਦੇ ਹਨ) ਸੰਸਾਰ ਪੱਧਰ ਤੇ ਹੁਣ ਤੱਕ ਹੋਈਆਂ ਲੜਾਈਆਂ ਵਿੱਚੋਂ ਦੋ ਤਿਹਾਈ ਲੜਾਈਆਂ ਸਿਰਫ਼ ਧਰਮ ਦੇ ਕਾਰਨ ਹੀ ਲੜੀਆਂ ਗਈਆਂ ਹਨ। ਜਿਨ੍ਹਾਂ ਵਿੱਚ ਕਰੋੜਾਂ ਨਿਰਦੋਸ਼ ਲੋਕ ਮਾਰੇ ਗਏ ਹਨ। ਇਸ ਲਈ ਧਰਮ ਬਾਰੇ ਕਿਹਾ ਹੀ ਨਹੀਂ ਮੰਨਿਆਂ ਜਾਂਦਾ ਹੈ 'ਮਜ਼ਹਬ ਹੀ ਸਿਖਾਤਾ, ਆਪਸ ਮੇਂ ਵੈਰ ਰੱਖਣਾ' ਜਿਵੇਂ ਅਕਤੂਬਰ 1984 ਵਿੱਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦਾ ਕਤਲੇਆਮ, 1992 ਵਿੱਚ ਬੰਬੇ ਵਿਖੇ ਮੁਸਲਮਾਨਾਂ ਦੇ ਕਤਲ, 2002 'ਚ ਗੁਜਰਾਤ ਵਿੱਚ ਗੋਧਰਾ ਕਾਂਡ ਪਿੱਛੋਂ ਮੁਸਲਮਾਨਾਂ ਦੇ ਕਤਲ, 1947 ਭਾਰਤ-ਪਾਕ ਵੰਡ ਸਮੇਂ ਹੋਈ ਵੱਢ-ਟੁੱਕ। ਇਹ ਸਭ ਧਰਮ ਦੇ ਕਾਰਨ ਹੀ ਘਿਨਾਉਣੀਆਂ ਅਣਮਨੁੱਖੀ ਘਟਨਾਵਾਂ ਕੀਤੀਆਂ ਗਈਆਂ ਹਨ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਮਨੁੱਖਤਾ ਦੇ ਮੱਥੇ ਤੇ ਕਲੰਕ ਹੈ। ਇਸ ਨੂੰ ਧਰਮਾਂ

ਵਾਲੇ ਪ੍ਰਾਪਤੀ ਗਿਣਦੇ ਹਨ। ਕਿਸੇ ਧਰਮ ਨੂੰ ਮੰਨਣ ਦਾ ਇਹ ਸਿਰੇ ਦਾ ਕਾਰਜ ਕਿਹਾ ਜਾ ਸਕਦਾ ਹੈ ਕਿਉਂਕਿ ਸੱਚਾ ਪੈਰੋਕਾਰ ਉਸਨੂੰ ਹੀ ਮੰਨਿਆਂ ਜਾਂਦਾ ਹੈ ਜੋ ਧਰਮ ਦੇ ਨਾਂ ਤੇ ਕੀਤੇ ਜਾਂਦੇ ਹਰ ਸਹੀ-ਗਲਤ ਕੰਮ ਨੂੰ ਕਰਨ ਵਿੱਚ ਬਿਨਾਂ ਕਿੰਤੂ-ਪ੍ਰੰਤੂ ਕਰੇ, ਆਪਣਾ ਯੋਗਦਾਨ ਪੂਰੀ ਤਨਦੇਹੀ ਨਾਲ ਪਾਉਂਦਾ ਹੈ। ਉਸਦੇ ਸਿੱਟੇ ਉਸਦੇ ਧਰਮ ਵਿਰੋਧੀ ਨਹੀਂ ਹੋਣੇ ਚਾਹੀਦੇ ਮਨੁੱਖਤਾ ਵਿਰੋਧੀ ਭਾਵੇਂ ਹੋਣ, ਇਸ ਦੀ ਚਿੰਤਾ ਨਹੀਂ ਕੀਤੀ ਜਾਂਦੀ। ਉਪਰੋਕਤ ਵਰਗੀਆਂ ਘਟਨਾਵਾਂ ਨੂੰ ਰੱਬ ਦੀ ਕੀਤੀ ਕਾਰਵਾਈ ਮੰਨ ਕੇ ਸਬਰ ਕਰਨਾ ਚਾਹੀਦਾ ਹੈ ਜਾਂ ਮਨੁੱਖ ਦੀ ਕਾਰਵਾਈ ਸਮਝ ਕੇ ਅੱਗੇ ਤੋਂ ਅਜਿਹੀਆਂ ਅਣਮਨੁੱਖੀ ਘਟਨਾਵਾਂ ਨਾ ਹੋਣ ਦੇ ਬਾਰੇ ਸਾਰਥਿਕ ਯਤਨ ਕੀਤੇ ਜਾਣ ਜਾਂ ਨਾ? ਇਹ ਸਵਾਲ ਤਮਾਮ ਧਰਮਾਂ ਤੇ ਰੱਬ ਨੂੰ ਮੰਨਣ ਵਾਲਿਆਂ ਲਈ ਹੈ।

ਪ੍ਰੰਤੂ ਕਿਸੇ ਦੂਜੇ ਧਰਮ ਪ੍ਰਤੀ ਪਿਆਰ, ਸਤਿਕਾਰ ਦੀ ਸੱਚੀ ਭਾਵਨਾ ਤਾਂ ਪੈਦਾ ਹੁੰਦੀ ਹੈ ਜੇਕਰ ਉਸਦੇ ਵਿਚਾਰਾਂ ਨਾਲ ਸਹਿਮਤ ਹੋਵਾਂਗੇ। ਜੇਕਰ ਅਜਿਹਾ ਨਹੀਂ ਤਾਂ ਪਿਆਰ, ਸਤਿਕਾਰ ਦੀ ਭਾਵਨਾ ਜ਼ਾਹਰ ਕਰਨ ਦਾ ਸਿਰਫ਼ ਪਾਖੰਡ ਹੀ ਕੀਤਾ ਜਾ ਸਕਦਾ ਹੈ। ਸਾਰੇ ਧਰਮ ਸੰਪਰਦਾਵਾਂ, ਡੇਰਿਆਂ, ਸੰਤ, ਬਾਬੇ ਤੇ ਪ੍ਰਚਾਰਕ ਕਹਿੰਦੇ ਰਹਿੰਦੇ ਹਨ ਕਿ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜਦੋਂ ਉਹ ਇਹ ਵਾਕ ਫੁਰਮਾ ਰਹੇ ਹੁੰਦੇ ਹਨ ਤਾਂ ਦੁਨੀਆਂ ਦੇ ਸਭ ਤੋਂ ਵੱਡਾ ਝੂਠ ਬੋਲਣ ਦੇ ਕਾਰਜ ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦਾ। ਦੂਸਰਾ ਉਹ ਵਚਨ ਕਰਦੇ ਹਨ ਕਿ ਸਾਰੇ ਮਨੁੱਖਾਂ, ਜੀਵਾਂ ਅੰਦਰ ਇੱਕ ਹੀ ਅੱਲਾ, ਪ੍ਰਭੂ, ਰੱਬ, ਪ੍ਰਮਾਤਮਾ, ਵਾਹਿਗੁਰੂ ਵਾਸ ਕਰਦਾ ਹੈ। ਸਾਰੇ ਧਰਮ ਤਾਂ ਉਸ ਨੂੰ ਮਿਲਣ ਦੇ ਵੱਖ-ਵੱਖ ਰਸਤੇ ਹਨ। ਪ੍ਰੰਤੂ ਇੱਕ ਰੱਬ-ਪ੍ਰਭੂ-ਅੱਲਾ-ਵਾਹਿਗੁਰੂ ਦਾ ਪਰਦਾਫਾਸ਼ ਉਸ ਸਮੇਂ ਹੋ ਜਾਂਦਾ ਹੈ ਜਦੋਂ ਕੋਈ ਮਨੁੱਖ ਇੱਕ ਧਰਮ ਤੋਂ ਦੂਸਰੇ ਧਰਮ ਨੂੰ ਧਾਰਨ ਕਰਦਾ ਹੈ, ਮਤਲਬ ਰਸਤਾ ਬਦਲਦਾ ਹੈ ਭਾਵ ਧਰਮ ਪਰਿਵਰਤਨ ਕਰਦਾ ਹੈ ਤਾਂ ਇੱਕ ਦੀ ਗੱਲ ਕਰਨ ਵਾਲਿਆਂ ਨੂੰ ਕਈ ਰੱਬ ਦਿਖਾਈ ਦੇਣ ਲੱਗ ਜਾਂਦੇ ਹਨ। ਕਿਸੇ ਮਕਾਨ ਤੇ ਕਬਜ਼ਾ ਕਰਕੇ ਇੱਕ ਨੂੰ ਉੱਥੋਂ ਕੱਢਣ ਤੇ ਦੂਜੇ ਦੇ ਰਹਿਣ ਦਾ ਪ੍ਰਬੰਧ ਕਰਨ ਵਰਗਾ ਮਸਲਾ ਖੜ੍ਹਾ ਹੋ ਜਾਂਦਾ ਹੈ। ਜੇਕਰ ਉਨ੍ਹਾਂ ਨੂੰ ਪਤਾ ਹੀ ਹੈ ਅਤੇ ਮੰਨਦੇ ਵੀ ਹਨ ਕਿ ਅਨੇਕ ਧਰਮ ਇੱਕ ਹੀ ਰੱਬ ਨੂੰ ਮਿਲਣ ਵਾਲੇ ਵੱਖ-ਵੱਖ ਰਸਤੇ ਹਨ ਤਾਂ ਉਨ੍ਹਾਂ ਨੂੰ ਇੱਕ ਹੀ ਰਸਤੇ ਤੇ ਭੀੜ ਜਮਾਂ ਕਰਨ ਦੀ ਜਿੱਦ, ਅੜੀ ਨਹੀਂ ਕਰਨੀ ਚਾਹੀਦੀ। ਸਗੋਂ ਉਨ੍ਹਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਰਸਤੇ ਤੇ ਭੀੜ ਘਟ ਰਹੀ ਹੈ।

ਜੇਕਰ ਉਨ੍ਹਾਂ ਦੇ ਹੀ ਕਹਿਣ ਮੁਤਾਬਕ ਸਾਰੇ ਜੀਵਾਂ ਵਿੱਚ ਉਹ (ਰੱਬ) ਵਸਦਾ ਹੈ ਤਾਂ ਰੱਬ ਨੂੰ ਮਿਲਣ-ਮਿਲਾਉਣ ਵਾਲੀ ਗੱਲ ਦਾ ਕੋਈ ਅਰਥ ਨਹੀਂ ਰਹਿੰਦਾ। ਧਾਰਮਿਕ ਦੁੱਖ (ਧਰਮ ਦਾ ਦੁੱਖ) 'ਨਾਮ ਜਪਣ' ਨਾਲ ਹੱਲ ਹੋਣ ਵਾਲਾ ਨਹੀਂ ਹੈ। ਸਗੋਂ ਧਰਮ ਨੂੰ ਤਾਂ ਦੁੱਖਾਂ ਦੀ ਖਾਣ ਕਿਹਾ ਜਾ ਸਕਦਾ ਹੈ। ਅਸਲ ਵਿੱਚ ਹਰ ਧਰਮ,

ਸੰਪਰਦਾ, ਡੇਰਾ, ਦੂਜੇ ਨੂੰ ਨੀਵਾਂ ਸਮਝਦਾ ਹੈ ਅਤੇ ਆਪਣੇ ਆਪ ਨੂੰ ਉੱਤਮ ਕਹਿੰਦਾ ਹੈ। ਆਪਣੇ ਸ਼ਰਧਾਲੂਆਂ ਸੇਵਕਾਂ ਨੂੰ ਵੀ ਇਹੋ ਕੁਝ ਵਾਰ-ਵਾਰ ਸਮਝਾਉਂਦਾ ਹੈ। ਸ਼ਰਧਾਲੂ ਧਰਮ ਡੇਰੇ, ਸੰਪਰਦਾ ਦੇ ਹੁਕਮਾਂ ਹਦਾਇਤਾਂ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਜਾਂਦਾ ਹੈ। ਹੁਕਮਾਂ-ਹਦਾਇਤਾਂ ਦੀ ਉਲੰਘਣਾ ਕਰਨ ਤੇ ਮਿਲਣ ਵਾਲੀ ਕਿਸੇ ਸਜ਼ਾ ਦੇ ਡਰ ਕਾਰਨ ਧਰਮ ਧਾਰਨ ਤੋਂ ਪੈਂਦਾ ਹੋਏ ਦੁੱਖ, ਪੀੜਾ ਦੀ ਅਵਾਜ਼ ਉਸਦੇ ਗਲੇ ਵਿੱਚ ਹੀ ਅਟਕ ਜਾਂਦੀ ਹੈ। ਸੱਪ ਦੇ ਮੂੰਹ ਵਿੱਚ ਆਈ ਕੋੜ ਕਿਰਲੀ ਵਾਲਾ ਹਾਲ ਹੋ ਜਾਂਦਾ ਹੈ। ਰੱਬ ਦੇ ਵਿਸ਼ੇਸ਼ 'ਨਾਮ' ਦਾ ਜਾਪ ਵੀ ਜ਼ਿੰਦਗੀ ਦੇ ਦਰਦ ਘੱਟ ਕਾਰਨ, ਜੂਨ ਸੁਧਾਰਨ ਵਿੱਚ ਸਹਾਈ ਨਹੀਂ ਹੁੰਦਾ। ਸਗੋਂ ਦਿਲ ਦੀਆਂ ਜੋ ਇੱਛਾਵਾਂ ਧਾਰ ਕੇ ਧਰਮ ਧਾਰਨ ਕੀਤਾ ਹੁੰਦਾ ਹੈ, ਪੂਰੀਆਂ ਨਾ ਹੋਣ ਕਾਰਨ ਆਪਣੇ ਆਪ ਨੂੰ ਨਿਮਾਣਾ, ਨਿਤਾਣਾ, ਨਿਕਰਮਾ, ਪਾਪੀ, ਬੇ-ਮੁੱਖ, ਅਭਾਗਾ, ਨਲਾਇਕ, ਬੇ-ਸਮਝ, ਕਮਜ਼ੋਰ ਆਦਿ ਸਮਝਣ ਲੱਗ ਜਾਂਦਾ ਹੈ। ਧਾਰਮਿਕ ਸਮਾਗਮਾਂ ਵਿੱਚ ਕੀਤੇ ਜਾਂਦੇ ਪ੍ਰਵਚਨ ਵੀ ਇਹੋ ਕੁਝ ਸਮਝਾਉਣ ਤੇ ਅਹਿਸਾਸ ਕਰਵਾਉਣ ਦੀ ਪੂਰੀ ਵਾਹ ਲਾਉਂਦੇ ਹਨ। ਇਸ ਤਰ੍ਹਾਂ ਦੁੱਖ ਦੂਰ ਹੋਣ ਦੀ ਬਜਾਏ ਹੋਰ ਵਧ ਜਾਂਦਾ ਹੈ। ਮਾਰੂਥਲ ਵਿੱਚ ਮ੍ਰਿਗ ਤ੍ਰਿਸ਼ਨਾ ਦੇ ਚੱਕਰ 'ਚ ਫਸੇ, ਪਾਣੀ ਲੱਭਦੇ ਮਨੁੱਖ ਵਾਂਗ ਉਹ ਵੀ ਸੰਤ, ਬਾਬੇ, ਡੇਰੇ, ਧਰਮ ਦੁਆਲੇ ਘੁੰਮਦਾ 'ਦੁੱਖ' ਦਾ ਹੱਲ ਲੱਭਣ ਵਿੱਚ ਲੱਗਿਆ ਰਹਿੰਦਾ ਹੈ। ਇਸ ਖੁਸ਼ਕ ਦੌੜ ਵਿੱਚ 'ਨਾਮ' ਜਪਣ ਨਾਲ ਅਤੇ ਵਚਨਾਂ-ਪ੍ਰਵਚਨਾਂ ਦੇ ਅਸਰ ਤਹਿਤ ਅੰਧ-ਵਿਸ਼ਵਾਸੀ ਸੇਵਕ ਬਣਨ ਕਰਕੇ ਸਗੋਂ ਉਸਦੀ ਹਾਲਤ ਨੀਮ ਪਾਗਲਾਂ ਵਰਗੀ ਹੋ ਜਾਂਦੀ ਹੈ। ਜੋ ਮਨੁੱਖਤਾ ਮਾਰੂ ਸਿੱਧ ਹੁੰਦੀ ਹੈ, ਦੁੱਖਾਂ ਦੀ ਦਾਰੂ ਨਹੀਂ।

ਇਸ ਸਾਰੀ ਵਿਚਾਰ ਚਰਚਾ ਤੋਂ ਇਸ ਨਤੀਜੇ ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ 'ਨਾਮ' (ਰੱਬ ਦੇ ਕਿਸੇ ਵਿਸ਼ੇਸ਼ ਨਾਮ) ਨੂੰ ਸਾਰਿਆਂ ਦੁੱਖਾਂ ਦਾ ਦਾਰੂ ਨਹੀਂ ਮੰਨਿਆ ਜਾ ਸਕਦਾ। ਸਿਰਫ਼ ਅੰਧ-ਵਿਸ਼ਵਾਸੀ, ਲਾਈਲੱਗ ਲੋਕ ਹੀ ਮੰਨ ਸਕਦੇ ਹਨ। ਜਿਹੜੇ ਕਿਸੇ ਮਾੜੀ ਜਿਹੀ ਘਟਨਾ ਨੂੰ ਬਿਨਾਂ ਸਮਝੇ ਪਰਖੇ ਵੱਡੀ ਅਤੇ ਸੱਚੀ ਬਣਾ ਕੇ ਪੇਸ਼ ਕਰਦੇ ਹਨ। ਜਿਵੇਂ ਮੂਰਤੀਆਂ ਦਾ ਦੁੱਧ ਪੀਣਾ, ਭੂਚਾਲ ਦੀ ਖ਼ਬਰ, ਰੱਖੜੀਆਂ ਖੋਲ੍ਹਣਾ, ਮੋਬਾਇਲ ਸੁਣਨ ਨਾਲ ਮਰਨਾ, ਸੁਆਹ ਦੇ ਪਾਣੀ ਨਾਲ ਠੀਕ ਹੋਣਾ, ਸਮੁੰਦਰ ਦਾ ਪਾਣੀ ਮਿੱਠਾ ਹੋਣ ਵਰਗੀਆਂ ਹੋਰ ਵੀ ਅਫ਼ਵਾਹਾਂ ਹਨ। ਜਿਨ੍ਹਾਂ ਦੀ ਪੜਤਾਲ ਕਰਨ ਤੇ ਸਭ ਝੂਠ ਸਾਬਤ ਹੋਈਆਂ ਹਨ। 'ਨਾਮ' ਜਪਣ ਦੇ 'ਦਾਰੂ' ਬਣਨ ਵਾਲਾ ਪ੍ਰਚਾਰ ਵੀ ਇਨ੍ਹਾਂ ਦੀ ਸ਼੍ਰੇਣੀ ਵਿੱਚ ਹੀ ਸਭ ਤੋਂ ਪਹਿਲੇ ਨੰਬਰ ਤੇ ਰੱਖਿਆ ਜਾ ਸਕਦਾ ਹੈ। ਇਨ੍ਹਾਂ ਅਫਵਾਹਾਂ ਨੇ ਲੋਕਾਂ ਦੇ ਲੱਖਾਂ-ਕਰੋੜਾਂ ਰੁਪਏ ਬਰਬਾਦ ਕਰ ਦਿੱਤੇ ਜੋ ਮਨੁੱਖਾਂ ਦੀ ਭਲਾਈ ਲਈ ਵਰਤੇ ਜਾ ਸਕਦੇ ਸਨ। ਇਸ ਤਰ੍ਹਾਂ ਦੀਆਂ ਅਫਵਾਹਾਂ ਅਤੇ 'ਨਾਮ' ਦੇ ਆਡੰਬਰ, ਪਾਖੰਡ, ਝੂਠ, ਕੂੜ ਦੇ ਪ੍ਰਚਾਰ ਦਾ ਸੱਚ ਜਾਨਣ, ਸਮਝਣ ਦੀ

ਵੱਡੀ ਜ਼ਰੂਰਤ ਹੈ। ਧਰਮਾਂ ਵਾਲਿਆਂ, ਸੰਤ, ਬਾਬਿਆਂ, ਡੇਰੇਦਾਰਾਂ, ਦੇ ਵਚਨਾਂ-ਪ੍ਰਵਚਨਾਂ ਤੇ ਕਿੰਤੂ-ਪ੍ਰੰਤੂ ਕਰਕੇ ਸਹੀ ਫ਼ੈਸਲੇ ਕਰਨੇ ਹੋਣਗੇ। ਕਿਸੇ ਵੀ 'ਰੱਬ' ਦੇ 'ਨਾਮ', ਧਰਮ ਨੂੰ ਧਾਰਨ, ਗ੍ਰਹਿਣ ਕਰਨ ਦੀ ਜ਼ਰੂਰਤ ਨਹੀਂ ਹੈ। ਸਭ ਤੋਂ ਵੱਡਾ ਇਨਸਾਨੀਅਤ, ਮਨੁੱਖਤਾ ਦਾ ਧਰਮ ਹੈ। ਮਨੁੱਖ ਦੀ ਮਾਨਤਾ ਹੀ ਸਭ ਦੁੱਖ ਦੂਰ ਕਰ ਸਕਦੀ ਹੈ। ਮਨੁੱਖ ਨੂੰ ਮਨੁੱਖ ਦੇ ਗੁਣਾਂ ਪਿਆਰ, ਹਮਦਰਦੀ, ਸਤਿਕਾਰ ਦੀ ਭਾਵਨਾ, ਵਫ਼ਾਦਾਰੀ, ਕਿਰਤ, ਸਰਬੱਤ ਦੇ ਭਲੇ ਦੀ ਸੋਚ ਦਿਲ-ਦਿਮਾਗ ਵਿੱਚ ਰੱਖ ਤੇ ਇਸ ਤੇ ਅਮਲ ਕਰਨਾ ਚਾਹੀਦਾ ਹੈ। ਕਿਸੇ ਵੀ ਰੱਬ ਦਾ ਵਿਸ਼ੇਸ਼ ਨਾਮ ਜਪਣ ਦੀ ਜ਼ਰੂਰਤ ਨਹੀਂ। ਸਿਰਫ਼ ਮਨੁੱਖ ਨੂੰ ਮਨੁੱਖ ਸਮਝ ਕੇ, ਮੰਨ ਕੇ ਦੂਸਰਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ, ਮਨੁੱਖਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਪੂਰੀ ਯੋਗਤਾ ਦੇ ਮੁਤਾਬਕ ਲਗਾ ਕੇ ਸਰਬੱਤ ਦੇ ਭਲੇ ਲਈ ਕਾਰਜ ਕਰਨੇ ਹੋਣਗੇ।

ਰੱਬ ਦਾ ਨਾਮ

ਸੁਪਰ ਹਿੱਟ ਫ਼ਿਲਮ 'ਸ਼ੋਅਲੇ' ਦਾ ਮਸ਼ਹੂਰ ਡਾਇਲਾਗ ਹੈ। ਜਿਸ ਵਿਚ ਧਰਮਿੰਦਰ ਹੇਮਾ ਮਾਲਨੀ ਨੂੰ ਪੁੱਛਦਾ ਹੈ, "ਬਸੰਤੀ ਤੇਰਾ ਨਾਮ ਕਿਆ ਹੈ?" ਇਸਦੇ ਨਾਲ ਹੀ ਸਿਨੇਮਾ ਹਾਲ ਵਿੱਚ ਹਾਸਾ ਗੂੰਜਦਾ ਹੈ। ਕਹਿਣ ਦਾ ਭਾਵ ਨਾਮ ਜਾਣਦੇ ਹੋਏ, ਫਿਰ ਵੀ ਪੁੱਛਿਆ ਜਾਂਦਾ ਹੈ। ਇਸ ਮੂਰਖਤਾ ਵਾਲੇ ਸਵਾਲ ਦੀ ਸਮਝ ਸਿਨੇਮਾ ਹਾਲ ਵਿੱਚ ਬੈਠੇ ਸਾਰੇ ਲੋਕਾਂ ਨੂੰ ਲੱਗ ਜਾਂਦੀ ਹੈ। ਹੈਰਾਨੀ ਦੀ ਗੱਲ ਹੈ। 'ਰੱਬ' ਦਾ ਨਾਮ ਜਾਨਣ ਦੇ ਬਾਵਜੂਦ, ਹਰ ਕੋਈ ਇਹ ਸਵਾਲ ਧਰਮਾਂ, ਡੇਰਿਆਂ, ਸੰਤਾਂ, ਬਾਬਿਆਂ ਤੋਂ ਪੁੱਛਣ ਲਈ ਜਾ ਰਿਹਾ ਹੈ। ਜਿਹੜੇ ਇਹ ਸਵਾਲ ਲੈ ਕੇ ਜਾ ਰਹੇ ਹਨ। ਉਨ੍ਹਾਂ ਦੀ ਸਮਝ ਸਿਨੇਮਾ ਹਾਲ 'ਚ ਬੈਠੇ ਲੋਕਾਂ ਤੋਂ ਘੱਟ ਹੀ ਮੰਨੀ ਜਾ ਸਕਦੀ ਹੈ।

ਬਹੁਤੇ ਲੋਕਾਂ ਦਾ ਮੰਨਣਾ ਹੈ ਕਿ 'ਰੱਬ' ਇੱਕ ਹੈ। ਜੇਕਰ ਇੱਕ ਹੈ ਤਾਂ ਉਸਦਾ ਨਾਮ ਵੀ ਇੱਕ (ਰੱਬ) ਹੀ ਹੋਣਾ ਤੇ ਮੰਨਣਾ ਚਾਹੀਦਾ ਹੈ। ਉਹਦੇ ਬਾਰੇ ਇਹ ਵੀ ਮਨੌਤ ਹੈ ਕਿ ਰੱਬ ਜਾਣੀ-ਜਾਣ ਅਤੇ ਸਰਵ-ਸ਼ਕਤੀਮਾਨ ਹੈ। ਜੇਕਰ ਉਹ ਅੰਤਰਜਾਮੀ ਹੈ ਫਿਰ ਉਸ ਨੂੰ ਪਤਾ ਹੀ ਹੋਵੇਗਾ ਕਿ ਕਿਹੜਾ ਸ਼ਰਧਾਲੂ ਕਿਹੜੇ 'ਨਾਮ' ਨਾਲ ਉਹ ਨੂੰ ਯਾਦ ਕਰ ਰਿਹਾ ਹੈ। ਇਸ ਕਰਕੇ ਡੇਰੇਦਾਰਾਂ, ਸੰਤ, ਬਾਬਿਆਂ, ਧਰਮ ਪ੍ਰਚਾਰਕਾਂ ਵਲੋਂ ਕੀਤੇ ਜਾਂਦੇ ਉਸ ਪ੍ਰਚਾਰ ਨੂੰ ਨਹੀਂ ਮੰਨਿਆ ਜਾ ਸਕਦਾ। ਜਿਵੇਂ ਉਹ ਕਹਿੰਦੇ ਹਨ ਕਿ ਜਿਹੜਾ 'ਨਾਮ' ਸ਼ਬਦ (ਰੱਬ ਦਾ ਨਾਮ) ਉਨ੍ਹਾਂ ਦੇ ਡੇਰੇ ਤੋਂ ਦੱਸਿਆ ਜਾਂਦਾ ਹੈ। ਸਿਰਫ਼ ਉਸਦੇ ਨਾਲ ਹੀ ਰੱਬ ਨੂੰ ਮਿਲਿਆ ਜਾ ਸਕਦਾ ਹੈ ਜਾਂ ਕੋਈ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ।

ਧਾਰਮਿਕ ਸਮਾਗਮਾਂ ਵਿੱਚ ਇੱਕ ਘਟਨਾ/ਕਹਾਣੀ ਸੁਣਾਈ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਇੱਕ ਘਰ ਵਿੱਚ ਇੱਕ ਵਿਅਕਤੀ ਸਾਧੂ ਦੇ ਭੇਸ ਵਿੱਚ ਆਉਂਦਾ ਹੈ। ਉਸਦੇ ਹੱਥ ਵਿੱਚ ਤੂੰਮੜੀ (ਚਿੱਪੀ) ਫੜੀ ਹੁੰਦੀ ਹੈ। ਪਰਿਵਾਰ ਵਾਲੇ ਉਸਦੀ ਸੇਵਾ ਕਰਦੇ ਹਨ। ਉਸਦੇ ਖਾਣ ਲਈ ਰੋਟੀ-ਪਾਣੀ ਅਤੇ ਬਿਸਤਰੇ ਦਾ ਪ੍ਰਬੰਧ ਕਰਦੇ ਹਨ। ਘਰ ਦਾ ਮੁਖੀ ਰੋਜ਼ ਸਵੇਰੇ ਉਸਨੂੰ ਨਾਲ ਲੈ ਕੇ ਜੰਗਲ ਪਾਣੀ ਜਾਂਦਾ ਹੈ। ਉਹ ਤੂੰਮੜੀ ਪਾਣੀ ਦੀ ਭਰਕੇ ਨਾਲ ਲੈ ਜਾਂਦੇ ਹਨ। ਘਰ ਦੇ ਮੁਖੀ ਦੇ ਮਨ ਵਿੱਚ ਕਈ ਵਾਰ ਆਉਂਦਾ ਕਿ ਉਹ ਕਿਉਂ ਨਾ ਸਾਧੂ ਤੋਂ ਨਾਮ ਦੀ ਦਾਤ (ਨਾਮ-ਸ਼ਬਦ) ਪ੍ਰਾਪਤ ਕਰ ਲਵੇ। ਕਈ ਦਿਨ ਲੰਘ ਗਏ, ਪਰ ਉਹ ਕਹਿ ਨਾ ਸਕਿਆ। ਇੱਕ ਦਿਨ ਜਦੋਂ ਸਵੇਰੇ-ਸਵੇਰੇ, ਮੂੰਹ-ਹਨੇਰੇ ਉਹ ਬਾਹਰ ਖੇਤਾਂ ਵੱਲ ਜੰਗਲ ਪਾਣੀ ਗਏ ਤਾਂ ਉਸਨੇ ਆਪਣਾ ਸਵਾਲ ਸਾਧੂ ਅੱਗੇ ਰੱਖ ਦਿੱਤਾ। ਪ੍ਰੰਤੂ ਸਾਧੂ ਉਸ ਨੂੰ ਗੁੱਸੇ ਨਾਲ ਬੋਲਿਆ "ਮਾਰਾਂ ਤੂੰਮੜੀ ਸਿਰ ਫੋੜਾਂ ਤੇਰਾ, ਇਹ ਵੇਲਾ 'ਨਾਮ' ਲੈਣ ਦਾ।" ਉਹ ਵਾਪਸ ਘਰ ਆ ਗਏ।

ਦੋ ਦਿਨ ਬਾਅਦ ਉਹ ਸਾਧੂ ਉਨ੍ਹਾਂ ਦੇ ਘਰੋਂ ਚਲੇ ਗਿਆ। ਪਰ ਉਹ ਵਿਅਕਤੀ ਨੇ ਸਾਧੂ ਦੇ ਕਹੇ ਸ਼ਬਦ "ਮਾਰਾਂ ਤੂੰਮੜੀ ਸਿਰ ਫੋੜਾਂ ਤੇਰਾ" ਨੂੰ 'ਨਾਮ ਸ਼ਬਦ' ਸਮਝ ਕੇ, ਮੰਨ ਕੇ ਰੋਜ਼ਾਨਾ ਜਪਣਾ ਸ਼ੁਰੂ ਕਰ ਦਿੱਤਾ।

ਕਹਿੰਦੇ ਹਨ ਕਿ ਉਸਦੀ ਭਗਤੀ ਤੋਂ ਖੁਸ਼ ਹੋ ਕੇ ਇੱਕ ਦਿਨ ਆਪ ਪ੍ਰਮਾਤਮਾ ਉਸ ਨੂੰ ਸਵਰਗਪੁਰੀ ਲੈ ਜਾਣ ਵਾਸਤੇ ਆ ਪ੍ਰਗਟ ਹੋਏ। ਉਸ ਵਿਅਕਤੀ ਨੇ ਕਿਹਾ ਕਿ ਮੈਂ ਜਾਣ ਤੋਂ ਪਹਿਲਾਂ ਆਪਣੇ ਗੁਰੂ ਜੀ ਨੂੰ ਜ਼ਰੂਰ ਮਿਲਣਾ ਚਾਹੁੰਦਾ ਹਾਂ। ਪ੍ਰਮਾਤਮਾ ਨੇ ਕਿਹਾ ਕਿ ਤੇਰਾ ਗੁਰੂ ਤਾਂ ਚੋਰ ਹੈ। ਉਸਨੇ ਕਿਹਾ ਭਾਵੇਂ ਉਹ ਚੋਰ ਹੈ ਜਾਂ ਨਹੀਂ ਉਸਦੇ ਕਰਕੇ ਹੀ ਮੈਂ ਤੁਹਾਡੇ ਦਰਸ਼ਨ ਕਰ ਸਕਿਆ ਹਾਂ। ਉਸਦੀ ਜਿੱਦ ਕਰਨ ਤੇ ਉਸਦੇ ਗੁਰੂ ਨੂੰ ਬੁਲਾਇਆ ਗਿਆ। ਫਿਰ ਦੱਸਿਆ ਜਾਂਦਾ ਹੈ, ਉਹ ਆਪਣੇ ਗੁਰੂ ਜੀ ਨੂੰ ਵੀ ਆਪਣੇ ਨਾਲ ਹੀ ਸਵਰਗਪੁਰੀ ਨੂੰ ਲੈ ਗਿਆ।

ਇਹ ਕਹਾਣੀ ਘਟਨਾ ਸੁਣਾਉਣ ਤੋਂ ਬਾਅਦ ਕਿਹਾ ਜਾਂਦਾ ਹੈ ਕਿ ਸੱਚੇ ਸੇਵਕ, ਸੱਚੇ ਦਿਲੋਂ 'ਨਾਮ' ਜਪਣ ਵਾਲੇ ਆਪਣੇ ਗੁਰੂ ਦਾ ਵੀ ਪਾਰ ਉਤਾਰਾ ਕਰ ਦਿੰਦੇ ਹਨ। ਸਾਰਿਆਂ ਨੂੰ ਨਾਮ-ਸ਼ਬਦ, ਜਾਪ, ਸਹੀ ਧਿਆਨ ਲਗਾ ਕੇ ਕਰਨਾ ਚਾਹੀਦਾ ਹੈ। ਤਾਂ ਕਿ ਭਵਸਾਗਰ ਤੋਂ ਆਪਦਾ ਵੀ ਬੇੜਾ ਪਾਰ ਹੋ ਸਕੇ।

ਪਰ ਇਸ ਕਹਾਣੀ ਤੋਂ ਇਹ ਵੀ ਸਿੱਟਾ ਨਿਕਲਦਾ ਹੈ, ਜੇਕਰ ਉਸਦੇ ਗੁੱਸੇ ਵਿੱਚ ਬੋਲੇ ਸ਼ਬਦਾਂ ਨੂੰ ਹੀ 'ਰੱਬ ਦਾ ਨਾਮ' ਨਾਮ-ਸ਼ਬਦ ਸਮਝ ਕੇ ਜਪਣ ਨਾਲ ਉਸ ਦਾ ਰੱਬ ਨਾਲ ਮੇਲ ਹੋ ਗਿਆ ਤਾਂ ਹੋਰ ਲੋਕਾਂ ਨੂੰ ਵੀ ਰੱਬ ਦੇ ਵਿਸ਼ੇਸ਼ 'ਨਾਮ' ਜਾਨਣ, ਪ੍ਰਾਪਤ ਕਰਨ ਵਾਸਤੇ ਭੱਜ ਦੌੜ ਨਹੀਂ ਕਰਨੀ ਚਾਹੀਦੀ। ਸਗੋਂ ਮਨ ਆਇਆ ਕੋਈ ਸ਼ਬਦ ਵੀ 'ਨਾਮ-ਸ਼ਬਦ' (ਰੱਬ ਦਾ ਨਾਮ) ਮੰਨ ਕੇ ਜਪ ਲੈਣਾ ਚਾਹੀਦਾ ਹੈ। ਐਪਰ ਸੰਤ, ਬਾਬੇ, ਡੇਰੇਦਾਰ, ਧਰਮ ਪ੍ਰਚਾਰਕ ਵਿਸ਼ੇਸ਼ 'ਨਾਮ' ਪ੍ਰਾਪਤ ਕਰਕੇ ਹੀ ਜਪਣ ਤੇ ਜ਼ੋਰ ਦਿੰਦੇ ਹਨ। ਜਿਸ ਕਾਰਨ ਲੋਕਾਂ ਦੀ ਮੈਰਾਥਨ ਦੌੜ ਲੱਗੀ ਹੋਈ ਹੈ 'ਨਾਮ-ਸ਼ਬਦ' ਪ੍ਰਾਪਤ ਕਰਨ ਵਾਸਤੇ। ਰੱਬ ਦੇ ਨਾਮ ਬਾਰੇ ਇਵੇਂ ਦੱਸਿਆ, ਪ੍ਰਚਾਰਿਆ ਤੇ ਸਮਝਾਇਆ ਜਾਂਦਾ ਹੈ, ਜਿਵੇਂ ਟੈਲੀਫੋਨ ਦਾ ਵਿਸ਼ੇਸ਼ ਕੋਡ ਤੇ ਨੰਬਰ ਹੈ। ਜਿਹਦੇ ਬਿਨਾਂ ਫ਼ੋਨ ਲੱਗ ਹੀ ਨਹੀਂ ਸਕਦਾ।

ਉਪਰੋਕਤ ਕਹਾਣੀ ਅਤੇ ਪਹਿਲਾਂ ਦੱਸੇ ਗਏ ਅਨੁਸਾਰ ਤਾਂ ਕਿਸੇ ਵੀ ਨਾਮ-ਸ਼ਬਦ ਨੂੰ ਜਪਿਆ ਜਾ ਸਕਦਾ ਹੈ। ਜਿਸ ਤੋਂ ਲੋੜ ਮੁਤਾਬਕ ਸਿੱਟੇ ਵੀ ਕੱਢੇ ਜਾ ਸਕਦੇ ਹਨ। ਫਿਰ ਤਾਂ ਕਿਸੇ ਅਧੂਰੇ, ਪੂਰੇ ਗੁਰੂ ਨੂੰ ਵੀ ਲੱਭਣ ਦੀ ਲੋੜ ਨਹੀਂ ਸਮਝੀ ਤੇ ਮੰਨੀ ਜਾ ਸਕਦੀ। ਕਿਉਂਕਿ ਕਹਾਣੀ ਵਾਲਾ ਗੁਰੂ ਇੱਕ ਚੋਰ ਨੂੰ ਦੱਸਿਆ ਗਿਆ ਹੈ। ਫਿਰ ਕਿਵੇਂ ਇਸ ਪ੍ਰਚਾਰ ਨੂੰ ਮੰਨਿਆ ਜਾਵੇ ਕਿ ਰੱਬ ਦਾ ਆਈ.ਐਸ.ਆਈ. ਮਾਰਕਾ ਸਿਰਫ਼ ਕਿਸੇ ਵਿਸ਼ੇਸ਼ ਡੇਰੇ ਕੋਲ ਹੈ। ਇਸ ਨੂੰ ਕੋਰਾ ਝੂਠ, ਪਾਖੰਡੀ ਤੇ ਧੋਖੇ ਵਾਲਾ ਪ੍ਰਚਾਰ ਹੀ

ਸਮਝਿਆ ਤੇ ਮੰਨਿਆ ਜਾ ਸਕਦਾ ਹੈ।

ਰੱਬ ਦੇ ਨਾਮ ਅਤੇ ਉਪਭੋਗਤਾ ਦੀਆਂ ਵਸਤਾਂ ਦਾ ਪ੍ਰਚਾਰ ਹਰ ਇੱਕ ਨੂੰ ਪ੍ਰਭਾਵਤ ਕਰ ਰਿਹਾ ਹੈ। ਜਿਵੇਂ ਉਪਭੋਗਤਾ ਦੀਆਂ ਵਸਤਾਂ ਪ੍ਰਾਪਤ ਕਰਨ ਦੇ ਹਰ ਕੋਈ ਯਤਨ ਕਰ ਰਿਹਾ ਹੈ। ਇਸੇ ਤਰ੍ਹਾਂ ਦਾ ਹੀ ਕੁਝ 'ਨਾਮ' ਦੇ ਸਬੰਧ ਵਿੱਚ ਵੀ ਹੋ ਰਿਹਾ ਹੈ। ਫਰਿੱਜ਼, ਟੀ.ਵੀ. ਸਕੂਟਰ, ਕਾਰ, ਕੰਪਿਊਟਰ, ਕੋਠੀ ਆਪਣੀ ਪਹੁੰਚ ਵਿੱਚ ਕਰਨ ਦੇ ਨਾਲ-ਨਾਲ ਰੱਬ ਦਾ ਨਾਮ (ਨਾਮ ਸ਼ਬਦ) ਵੀ ਪਹੁੰਚ ਵਿੱਚ ਕਰਨ ਨੂੰ ਜ਼ਰੂਰੀ ਤੇ ਵਡੱਪਣ ਦੀ ਨਿਸ਼ਾਨੀ ਮੰਨਿਆ ਜਾ ਰਿਹਾ ਹੈ। ਕਿਸੇ ਅਮੀਰ ਵਿਅਕਤੀ ਨੂੰ ਕਿਸੇ ਵੀ ਧਾਰਮਿਕ ਸੰਸਥਾ, ਡੇਰੇ ਤੋਂ ਨਾਮ ਪ੍ਰਾਪਤ ਕਰਨਾ ਔਖਾ ਨਹੀਂ। ਉਸਨੂੰ ਕਿਸੇ ਸਿਫ਼ਾਰਸ਼ ਦੀ ਵੀ ਲੋੜ ਨਹੀਂ ਹੈ। ਪ੍ਰੰਤੂ ਗਰੀਬ ਵਿਅਕਤੀ ਨੂੰ ਵੀਹ ਸਵਾਲ ਕੀਤੇ ਜਾਂਦੇ ਹਨ ਤਾਂ ਕਿਤੇ ਉਹਨੂੰ 'ਰੱਬ ਦਾ ਨਾਮ' ਭਾਵ ਗੁਪਤ ਕੋਡ ਦੱਸਿਆ ਜਾਂਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਅਮੀਰ ਦੇ ਨਾਲ ਅਮੀਰ ਅਤੇ ਗਰੀਬ ਦੇ ਨਾਲ ਗਰੀਬ ਹੀ ਉਨ੍ਹਾਂ ਦੇ ਡੇਰੇ ਤੇ ਆਉਣਗੇ। ਧਰਮਾਂ ਵਾਲੇ, ਸੰਤ, ਬਾਬੇ, ਡੇਰੇਦਾਰ ਨਹੀਂ ਚਾਹੁੰਦੇ ਕਿ ਇਥੇ ਗਰੀਬਾਂ ਦੀਆਂ ਕਤਾਰਾਂ ਲੱਗਣ। ਇਸੇ ਕਰਕੇ ਉਹ ਅਮੀਰਾਂ ਨੂੰ ਡੇਰੇ ਵਿੱਚ ਵੱਧ ਸਹੂਲਤਾਂ ਦਿੰਦੇ ਹਨ। ਉਨ੍ਹਾਂ ਦੇ ਰਹਿਣ ਲਈ ਕਮਰਿਆਂ, ਬੈੱਡਾਂ, ਗੱਦਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਪ੍ਰੰਤੂ ਗਰੀਬ ਸ਼ਰਧਾਲੂ-ਪੈਰੋਕਾਰ ਸ਼ੈੱਡਾਂ, ਦਰੀਆਂ, ਪਰਾਲੀ ਅਤੇ ਪਾਟੇ ਟੈਂਟਾ ਵਿੱਚ ਠੰਡੀਆਂ-ਗਰਮ ਦਿਨ ਤੇ ਰਾਤਾਂ ਕੱਟਦੇ ਹਨ। ਵਪਾਰਕ ਅਦਾਰਿਆਂ ਵਾਂਗ ਹੀ ਇਨ੍ਹਾਂ ਥਾਵਾਂ ਤੇ ਵਰਤਾਓ ਕੀਤਾ ਜਾਂਦਾ ਹੈ। ਜਿਵੇਂ ਮਾੜੇ ਗਾਹਕ ਨੂੰ ਕੋਈ ਪਾਣੀ ਨਹੀਂ ਪੁੱਛਦਾ ਪਰ ਚੰਗੇ ਗਾਹਕ ਨੂੰ ਠੰਡੇ ਦੀ ਪੇਸ਼ਕਸ਼ ਹੀ ਨਹੀਂ ਕੀਤੀ ਜਾਂਦੀ ਸਗੋਂ ਪਿਲਾਇਆ ਜਾਂਦਾ ਹੈ। ਲੋਕ ਜਿੱਥੇ ਇੱਕ ਦੂਜੇ ਨੂੰ ਕਾਰ, ਕੋਠੀ, ਟੀ.ਵੀ. ਮੋਬਾਇਲ, ਫਰਿੱਜ਼, ਕੰਪਿਊਟਰ ਦੇ ਬਾਰੇ ਪੁੱਛਦੇ ਹਨ। ਉਥੇ ਰੱਬ ਦੇ 'ਨਾਮ' ਬਾਰੇ ਵੀ ਜ਼ਰੂਰ ਪ੍ਰਸ਼ਨ ਕਰਦੇ ਹਨ ਕਿ ਕਿਸ ਡੇਰੇ ਸੰਪਰਦਾ, ਸੰਤ, ਬਾਬੇ ਤੋਂ ਪ੍ਰਾਪਤ ਕੀਤਾ ਹੈ। ਜਿਥੇ ਉਪਰੋਕਤ ਵਸਤਾਂ ਦੀਆਂ ਵਿਸ਼ੇਸ਼ਤਾਵਾਂ (ਫੰਕਸ਼ਨ) ਅਤੇ ਕੰਪਨੀ ਬਾਰੇ ਗੱਲ ਕੀਤੀ ਜਾਂਦੀ ਹੈ। ਉਸੇ ਤਰ੍ਹਾਂ ਡੇਰਿਆਂ, ਧਾਰਮਿਕ ਸਥਾਨਾਂ ਵਿੱਚ ਮਿਲਦੀਆਂ ਸਹੂਲਤਾਂ ਅਤੇ ਮਰਯਾਦਾ (ਪਾਬੰਦੀਆਂ, ਗਰੰਟੀ, ਵਰੰਟੀ) ਦਾ ਮੁਕਾਬਲਾ ਦੂਜੇ ਡੇਰਿਆਂ, ਧਾਰਮਿਕ ਸਥਾਨਾਂ ਨਾਲ ਕੀਤਾ ਜਾਂਦਾ ਹੈ। ਇਹ ਇਸ ਵਾਸਤੇ ਕੀਤਾ ਜਾਂਦਾ ਹੈ ਜਿਵੇਂ ਮਹਿੰਗੀ ਤੇ ਮਸ਼ਹੂਰ ਕੰਪਨੀ ਦੀ ਚੀਜ਼ ਖਰੀਦਣਾ ਵਡੱਪਣ ਦੀ ਨਿਸ਼ਾਨੀ ਸਮਝਿਆ ਜਾ ਰਿਹਾ ਹੈ। ਇਸ ਤਰ੍ਹਾਂ ਹੀ ਵੱਡੇ ਡੇਰਿਆਂ, ਨਾਮਵਰ ਸੰਤ/ਬਾਬਿਆਂ ਤੋਂ 'ਰੱਬ ਦਾ ਨਾਮ' ਪ੍ਰਾਪਤ ਕਰਨ ਨੂੰ ਵੀ ਵਡੱਪਣ (ਸਟੇਟਸ ਸਿੰਬਲ) ਦਾ ਚਿੰਨ੍ਹ ਮੰਨਿਆ ਜਾ ਰਿਹਾ ਹੈ। ਜੇਕਰ ਰੱਬ ਇੱਕ ਮੰਨਿਆ ਜਾ ਰਿਹਾ ਹੈ। ਫਿਰ 'ਰੱਬ' ਦੇ ਨਾਮ ਬਾਰੇ ਭੁਲੇਖਾ ਕਿਉਂ ਹੈ? ਇਨ੍ਹਾਂ ਨੂੰ ਇਸ ਸਵਾਲ ਦਾ ਜਵਾਬ ਨਾ ਕੋਈ ਦਿੰਦਾ ਹੈ ਨਾ ਕਰਦਾ ਹੈ।

ਜਿਨ੍ਹਾਂ ਧਰਮਾਂ ਵਾਲਿਆਂ, ਸੰਤ, ਬਾਬਿਆਂ, ਡੇਰਿਆਂ ਕੋਲੋਂ 'ਰੱਬ ਦਾ ਨਾਮ' ਲੋਕੀ ਪੁੱਛਣ ਜਾਂਦੇ ਹਨ ਉਹ ਤਾਂ ਆਪ 'ਰੱਬ' ਦੇ ਨਾਮ ਪ੍ਰਤੀ ਭੁਲੇਖੇ ਦਾ ਸ਼ਿਕਾਰ ਹਨ। ਪ੍ਰੰਤੂ ਰੱਬ ਦਾ ਨਾਮ ਤਾਂ 'ਰੱਬ' ਹੀ ਹੈ। ਫਿਰ ਵੀ ਜੇਕਰ ਕੋਈ ਹੋਰ ਵਿਸ਼ੇਸ਼ ਨਾਮ ਹੁੰਦਾ ਤਾਂ ਰੱਬ ਦੇ ਸਾਰੇ ਏਜੰਟਾਂ, ਦਲਾਲਾਂ, ਡੀਲਰਾਂ, ਧਰਮ ਵਪਾਰੀਆਂ, ਠੇਕੇਦਾਰਾਂ ਕੋਲ ਇੱਕੋ ਹੀ 'ਨਾਮ' ਹੋਣਾ ਸੀ। ਪਰ ਅਜਿਹਾ ਨਹੀਂ ਹੈ। 'ਨਾਮ-ਸ਼ਬਦ' ਦੱਸਣ ਦਾ ਢੰਗ ਵੀ ਇੱਕ ਹੀ ਹੋਣਾ ਸੀ। ਇੱਥੇ ਤਾਂ ਹਰ ਇੱਕ ਧਰਮ, ਡੇਰੇ, ਸੰਤ, ਬਾਬੇ ਨੇ ਆਪਣੇ-ਆਪਣੇ ਤਰੀਕੇ ਨਾਲ 'ਨਾਮ ਦੀ ਦਾਤ, ਨਾਮ-ਦਾਨ, (ਰੱਬ ਦਾ ਨਾਮ) ਨਾਮ-ਸ਼ਬਦ ਆਪੇ ਤਿਆਰ ਕਰਕੇ ਦੱਸ ਰਿਹਾ ਹੈ। ਜਿਵੇਂ ਰਾਧਾ ਸੁਆਮੀ ਦੇ ਡੇਰੇ ਵਾਲੇ 'ਰੱਬ ਦਾ ਨਾਮ' ਦੱਸਦੇ ਹਨ- 'ਜੋਤ-ਨਰੰਜਨ, ਓਅੰਕਾਰ, ਰਰੰਕਾਰ, ਸੋਹੰ, ਸਤਿਨਾਮ।' ਸੱਚੇ ਸੌਦੇ ਵਾਲਿਆਂ ਮੁਤਾਬਕ 'ਰੱਬ ਦਾ ਨਾਮ' ਹੈ- 'ਸੱਤਪੁਰਖ, ਅਕਾਲ ਮੂਰਤ, ਸ਼ਬਦ ਸਰੂਪੀ ਰਾਮ।' ਨਿਰੰਕਾਰੀ ਡੇਰੇ ਵਾਲਿਆਂ ਅਨੁਸਾਰ 'ਰੱਬ ਦਾ ਨਾਮ' ਹੈ- 'ਤੂੰ ਮੇਰਾ ਨਿਰੰਕਾਰ, ਮੈਂ ਤੇਰੀ ਸ਼ਰਣ, ਤੂੰ ਮੈਨੂੰ ਬਖ਼ਸ਼ ਲੈ।' ਨਾਮਧਾਰੀ ਡੇਰੇ ਵਾਲੇ 'ਵਾਹਿਗੁਰੂ' ਨੂੰ ਰੱਬ ਦਾ ਨਾਮ 'ਨਾਮ-ਸ਼ਬਦ' ਮੰਨਦੇ ਹਨ। ਨੂਰਮਹਿਲ ਵਾਲੇ ਆਸ਼ੂਤੋਸ਼ ਮਹਾਰਾਜ ਮੁਤਾਬਕ 'ਸੋਹੰ' ਰੱਬ ਦਾ ਨਾਮ ਹੈ। ਇਸੇ ਤਰ੍ਹਾਂ ਹੋਰ ਵੱਖ-ਵੱਖ ਡੇਰਿਆਂ ਵਾਲੇ ਸੰਤ-ਬਾਬੇ 'ਰੱਬ ਦਾ ਨਾਮ' ਆਪਣੀ ਸੋਚ, ਸਮਝ ਤੇ ਮਕਸਦ ਮੁਤਾਬਕ ਦੱਸ ਰਹੇ ਹਨ।

ਉਪਰੋਕਤ ਅਤੇ ਬਾਕੀ ਡੇਰਿਆਂ ਵਾਲੇ, ਸੰਤ, ਬਾਬੇ ਅਜਿਹੇ ਹੀ ਜਿਹੜੇ 'ਰੱਬ' ਦੇ ਹੋਰ ਨਾਮ ਦੱਸਦੇ ਹਨ। ਕਿਸ ਆਧਾਰ 'ਤੇ ਫ਼ੈਸਲਾ ਕੀਤਾ ਜਾ ਸਕਦਾ ਹੈ ਕਿ ਨਾਮ-ਸ਼ਬਦ 'ਰੱਬ' ਦਾ ਨਾਮ ਦੱਸਣ ਵਾਲਾ ਕਿਹੜਾ ਅਧੂਰਾ ਗੁਰੂ ਹੈ ਜਾਂ ਪੂਰਾ। ਇਨ੍ਹਾਂ ਵਿੱਚੋਂ ਕਿਹੜਾ ਪੂਰਾ, ਸੱਚਾ, ਸਹੀ 'ਨਾਮ-ਸ਼ਬਦ' ਜਾਂ 'ਰੱਬ ਦਾ ਨਾਮ' ਹੈ?

ਸਵਾਲ ਜਵਾਬ ਮੰਗਦਾ ਹੈ।

ਨਾਮ ਦਾ ਜੰਜਾਲ

ਮਨੂੰ ਸਿਮ੍ਰਤੀ ਦੇ ਵਿਧਾਨ ਨੇ ਕੰਮ ਅਧਾਰਤ ਜਾਤੀ ਵੰਡ ਕਰਕੇ ਮਨੁੱਖੀ ਸਮਾਜ ਨੂੰ ਜਾਤ-ਪਾਤ ਦੀਆਂ ਜੰਜ਼ੀਰਾਂ ਵਿੱਚ ਜਕੜ ਦਿੱਤਾ ਸੀ ਤੇ ਜਕੜਿਆ ਹੋਇਆ ਹੈ। ਪ੍ਰੰਤੂ 'ਨਾਮ' ਦੇ ਜੰਜਾਲ ਨੇ ਮਨੁੱਖਾਂ ਅੰਦਰ ਇੱਕ ਹੋਰ ਨਵੀਂ ਵੰਡ ਪ੍ਰਣਾਲੀ ਸ਼ੁਰੂ ਕਰ ਦਿੱਤੀ ਹੈ। ਮਨੂੰ ਸਿਮ੍ਰਤੀ ਦੇ ਵਿਧਾਨ ਮੁਤਾਬਕ ਜਾਤੀ ਵੰਡ ਨੂੰ ਖ਼ਤਮ ਕਰਨ ਦੇ ਯਤਨ ਅਜੇ ਮੁੱਢਲੇ ਦੌਰ ਵਿੱਚ ਹੀ ਰਹੇ ਘੁੰਮ ਹਨ। ਪ੍ਰੰਤੂ ਨਵੀਂ ਸਮੱਸਿਆ ਨੇ ਪਹਿਲੇ ਸੰਘਰਸ਼ ਨੂੰ ਲੀਰੋ-ਲੀਰ ਕਰਨ ਦਾ ਹੀ ਨਹੀਂ, ਸਗੋਂ ਖ਼ਤਮ ਕਰਨ ਦਾ ਕਾਰਜ ਸ਼ੁਰੂ ਵੀ ਕਰ ਦਿੱਤਾ ਹੈ। ਅਜੇ ਜਾਤੀ ਵੰਡ ਦੀਆਂ ਜ਼ੰਜ਼ੀਰਾਂ ਮਸਾਂ ਢਿੱਲੀਆਂ ਕੀਤੀਆਂ ਜਾ ਰਹੀਆਂ ਸਨ ਪ੍ਰੰਤੂ ਉਸ ਤੋਂ ਵੀ ਮਜ਼ਬੂਤ 'ਰੱਬ' ਦੇ ਨਾਮ ਦੇ ਜੰਜਾਲ ਦੀਆਂ ਜ਼ੰਜ਼ੀਰਾਂ ਦੀ ਪਕੜ ਲਗਾਤਾਰ ਵਧਦੀ ਜਾ ਰਹੀ ਹੈ, ਵੰਡਦੀ ਜਾ ਰਹੀ ਹੈ। ਜਾਤਾਂ, ਧਰਮਾਂ ਤੋਂ ਸ਼ੁਰੂ ਹੋ ਕੇ ਹੁਣ ਗੋਤਾਂ, ਡੇਰਿਆਂ ਦੇ ਨਾਂ ਤੇ ਲੋਕਾਂ ਨੂੰ ਵੱਖ-ਵੱਖ, ਅੱਡਰੇ ਕੀਤਾ ਜਾ ਰਿਹਾ ਹੈ। ਜਾਤਾਂ ਵਿੱਚੋਂ ਗੋਤਾਂ ਨੂੰ ਉਭਾਰਿਆ ਜਾ ਰਿਹਾ ਹੈ। ਇਸ ਤਰੀਕੇ ਮਨੁੱਖੀ ਵੰਡ ਨੂੰ ਹੋਰ ਪੱਕਾ, ਗੁੰਝਲਦਾਰ ਤੇ ਚੀੜ੍ਹਾ ਕਰਨ ਦੇ ਯਤਨ ਜ਼ੋਰਾਂ ਤੇ ਹਨ। ਗੋਤਾਂ ਨਾਲ ਸਬੰਧਤ ਸਥਾਨਾਂ ਤੇ ਉੱਚੀਆਂ-ਉੱਚੀਆਂ ਇਮਾਰਤਾਂ ਉਸਾਰੀਆਂ ਗਈਆਂ ਹਨ ਤੇ ਬਣਾਈਆਂ ਜਾ ਰਹੀਆਂ ਹਨ। ਜੋ ਕਿ ਹੋ ਰਹੀ ਹੋਰ ਮਨੁੱਖੀ, ਪੱਕੀ ਵੰਡ ਦੇ ਪ੍ਰਤੀਕ ਹੀ ਨਹੀਂ, ਸਗੋਂ ਝੰਡੇ ਗੱਡੇ ਜਾ ਰਹੇ ਹਨ। ਹਰ ਕੋਈ ਆਪਣੇ ਗੋਤ ਨੂੰ ਸ੍ਰੇਸ਼ਟ, ਤਾਕਤਵਰ ਦੱਸ ਤੇ ਸਮਝ ਰਿਹਾ ਹੈ। ਪਿੰਡਾਂ ਵਿੱਚ ਗੋਤਾਂ ਦੇ ਅਧਾਰਤ ਝਗੜੇ ਹੋ ਰਹੇ ਹਨ। ਗੋਤ ਅਧਾਰਤ ਵੋਟਾਂ ਪੈਂਦੀਆਂ ਹਨ, ਜਿਸ ਨਾਲ ਧੜੇਬੰਦੀ ਹੋਰ ਵਧ ਰਹੀ ਹੈ। ਇੱਕ, ਦੂਜੇ ਗੋਤ ਨੂੰ ਨੀਵਾਂ ਦਿਖਾਉਣ ਦੇ ਮੌਕੇ ਲੱਭੇ ਹੀ ਨਹੀਂ ਜਾਂਦੇ, ਸਗੋਂ ਦਿਖਾਇਆ ਜਾਂਦਾ ਹੈ। ਦੂਜੇ ਗੋਤ ਦੇ ਇੱਕ ਵਿਅਕਤੀ ਵਲੋਂ ਕੀਤੀ ਮਾੜੀ ਘਟਨਾ ਨੂੰ ਸਾਰੇ ਗੋਤ ਦੇ ਵਿਅਕਤੀਆਂ ਨਾਲ ਜੋੜ ਕੇ ਪ੍ਰਚਾਰਿਆ ਜਾਂਦਾ ਹੈ।

ਗੋਤ ਅਧਾਰਤ ਬਣਾਏ ਸਥਾਨ ਵੀ ਹੁਣ ਡੇਰਿਆਂ ਦਾ ਰੂਪ ਧਾਰਦੇ ਜਾ ਰਹੇ ਹਨ। ਪਹਿਲਾਂ ਤਾਂ ਲੋਕ ਜਾਤਾਂ-ਧਰਮਾਂ ਦੇ ਨਾਂ ਤੇ ਵੰਡੇ ਹੋਏ ਸਨ। ਪ੍ਰੰਤੂ ਹੁਣ ਡੇਰੇਦਾਰਾਂ, ਸੰਤ, ਬਾਬਿਆਂ ਨੇ ਗੋਤਾਂ-ਧਰਮਾਂ ਵਿੱਚ ਵੀ ਵੰਡੀਆਂ ਪਾ ਕੇ ਹੋਰ ਪਾੜੇ ਪਾ ਦਿੱਤੇ ਹਨ। ਕਿਸੇ ਵਿਚਾਰਧਾਰਾ ਦੇ ਬਜਾਏ ਹੁਣ ਡੇਰੇ ਤੇ ਡੇਰੇਦਾਰ, ਸੰਤ, ਬਾਬੇ, ਦੇ ਨਾਂ ਨਾਲ ਲੋਕਾਂ ਨੂੰ ਜੋੜਿਆ ਜਾ ਰਿਹਾ ਹੈ। ਇਨ੍ਹਾਂ ਦੇ ਧਾਰਮਿਕ ਸਮਾਗਮਾਂ ਵਿੱਚ ਮੁੱਖ ਤੌਰ 'ਤੇ ਨਾਮ ਦਾਨ ਪ੍ਰਾਪਤ ਕਰੋ, ਨਾਮ ਜਪੋ, ਗੁਰੂ ਵਾਲੇ ਬਣੋ, ਗੁਰੂ ਦਾ ਹੁਕਮ ਮੰਨੋ, ਪੂਰਨ ਗੁਰੂ ਦੇ ਲੜ ਲੱਗੋ ਅਤੇ ਸੇਵਾ ਕਰੋ ਦੇ ਵਿਸ਼ਿਆਂ ਤੇ ਹੀ ਵਿਚਾਰ-ਚਰਚਾ ਜ਼ਿਆਦਾਤਰ ਕੀਤੀ ਜਾਂਦੀ ਹੈ। ਪੂਰਨ ਗੁਰੂ ਦੇ ਤੌਰ 'ਤੇ ਆਪਣੇ ਆਪ ਨੂੰ ਵਚਨਾਂ-ਪ੍ਰਵਚਨਾਂ, ਸਾਖੀਆਂ,

ਕਹਾਣੀਆਂ ਰਾਹੀਂ ਪੇਸ਼ ਅਤੇ ਸਿੱਧ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਉਂਝ ਭਾਵੇਂ ਪ੍ਰਚਾਰ ਤਾਂ ਇਹ ਵੀ ਕਰਦੇ ਹਨ ਕਿ ਅਸੀਂ ਮਨੁੱਖਤਾ ਦੀ ਭਲਾਈ ਵਾਸਤੇ ਕਾਰਜ ਕਰਦੇ ਹਾਂ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ, ਪਰ ਅਜਿਹਾ ਨਹੀਂ ਹੈ। ਜੇ ਅਜਿਹਾ ਹੈ, ਫਿਰ ਧਰਮ ਪਰਿਵਰਤਨ ਦੇ ਨਾਂ ਤੇ ਰੌਲਾ ਨਹੀਂ ਪਾਉਣਾ ਚਾਹੀਦਾ। ਅਗਰ ਇਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ, ਤਾਂ ਫਿਰ ਸਤਿਕਾਰ ਯੋਗ ਧਰਮ ਦੀ ਤਰੱਕੀ ਵਾਧੇ ਦੇ ਦੋਖੀ ਕਿਉਂ ਬਣਦੇ ਹਨ? ਇਹ ਸਿਰਫ਼ ਕਹਿਣ ਦੀਆਂ ਗੱਲਾਂ ਹਨ। ਅਸਲ ਵਿੱਚ ਹਰ ਇੱਕ ਧਰਮ ਦੂਜੇ ਧਰਮ ਤੋਂ, ਹਰ ਇੱਕ ਸੰਪਰਦਾ ਦੂਜੀ ਸੰਪਰਦਾ ਤੋਂ, ਹਰੇਕ ਡੇਰਾ ਦੂਜੇ ਡੇਰੇ ਤੋਂ ਆਪਣੇ ਆਪ ਨੂੰ ਵੱਡਾ ਕਰਨ ਦੇ ਮਿਸ਼ਨ ਤੇ ਤੁਰਿਆ ਹੋਇਆ ਹੈ। ਦੂਜੇ ਤੋਂ ਵੱਡਾ, ਮਹਾਨ, ਮਸ਼ਹੂਰ ਤਾਂ ਹੀ ਹੋਇਆ ਜਾ ਸਕਦਾ ਹੈ, ਜੇਕਰ ਉਸਨੂੰ ਛੋਟਾ ਰਹਿਣ ਦਿੱਤਾ ਜਾਵੇ। ਉਸਦੇ ਵਾਧੇ ਵਿੱਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾਣ। ਇਨ੍ਹਾਂ ਵਿਚਾਰਾਂ ਮੁਤਾਬਕ ਸਮਝ ਬਣਾ ਕੇ ਉਸ ਤੇ ਅਮਲ ਕੀਤਾ ਜਾ ਰਿਹਾ ਹੈ, ਕਰ ਰਹੇ ਹਨ। ਚਾਹੀਦਾ ਤਾਂ ਇਹ ਹੈ ਕਿ ਆਪਣੇ ਧਰਮ, ਡੇਰੇ, ਸੰਪਰਦਾ ਦੇ ਚੰਗੇ ਆਦਰਸ਼, ਚੰਗੇ ਵਿਚਾਰਾਂ ਦੇ ਅਧਾਰ 'ਤੇ ਲੋਕ ਹਿੱਤ ਵਾਲੇ ਕੰਮ ਕਰਕੇ ਅੱਗੇ ਵਧਿਆ ਜਾਵੇ। ਪ੍ਰੰਤੂ ਅਜਿਹਾ ਨਹੀਂ, ਟਕਰਾਵਾਂ ਨੂੰ ਖ਼ਤਮ ਨਹੀਂ ਕੀਤਾ ਜਾ ਰਿਹਾ ਸਗੋਂ ਹੋਰ ਅੜਿੱਕੇ ਪੈਦਾ ਕੀਤੇ ਜਾ ਰਹੇ ਹਨ। ਜਿਨ੍ਹਾਂ ਦਾ ਸਿੱਟਾ ਹੈ ਆਪਸੀ ਤਕਰਾਰ, ਲੜਾਈਆਂ-ਝਗੜਿਆਂ ਤੋਂ ਹੁੰਦਾ ਹੋਇਆ ਮਸਲਾ ਕਤਲ ਕਰਨ ਤੱਕ ਜਾ ਪੁੱਜਦਾ ਹੈ। ਸਭ ਜਾਣਦੇ ਹਨ, ਇੰਨੇ ਲੋਕ ਹੋਰ ਜੰਗਾਂ ਵਿੱਚ ਨਹੀਂ ਮਾਰੇ ਗਏ ਜਿੰਨੇ ਲੋਕ ਧਰਮਾਂ ਦੇ ਟਕਰਾਅ ਕਾਰਨ ਲੜਾਈਆਂ ਵਿੱਚ ਮਾਰੇ ਗਏ ਹਨ।

ਇੱਕ ਧਰਮ ਜਾਂ ਸੰਪਰਦਾ, ਡੇਰੇ ਵਲੋਂ ਅੰਨ੍ਹੀ-ਸ਼ਰਧਾ ਵਾਲੇ ਸ਼ਰਧਾਲੂ ਪੈਦਾ ਕਰਨਾ, ਇੱਕ ਤਰ੍ਹਾਂ ਲੜਾਈ-ਝਗੜੇ ਦੀ ਨੀਂਹ ਤਿਆਰ ਕਰਨ ਦੇ ਬਰਾਬਰ ਹੈ। ਜੇਕਰ ਕੋਈ ਸੇਵਕ ਆਪਣੇ ਧਰਮ, ਡੇਰੇ, ਸੰਤ, ਬਾਬੇ, ਦੀ (ਵਿਚਾਰਧਾਰਾ) ਬਾਰੇ ਵਿਚਾਰ-ਚਰਚਾ ਕਰਨ ਲਈ ਵੀ ਤਿਆਰ ਨਹੀਂ ਤਾਂ ਜਨੂੰਨੀ ਸ਼ਰਧਾਲੂਆਂ ਨਾਲ ਝਗੜਾ ਹੋਣਾ ਲਾਜ਼ਮੀ ਹੈ। ਕਿਸੇ ਵੀ ਧਾਰਮਿਕ ਸਮਾਗਮ ਵਿੱਚ ਚਲੇ ਜਾਓ। ਉੱਥੇ ਸਿੱਧੇ-ਅਸਿੱਧੇ ਤੌਰ 'ਤੇ ਦੂਸਰੇ ਧਰਮਾਂ, ਡੇਰਿਆਂ, ਸੰਤ, ਬਾਬਿਆਂ, ਸੰਪਰਦਾਵਾਂ ਦੀ ਨਿਖੇਧੀ ਕੀਤੀ ਜਾਂਦੀ ਹੈ। ਜਿਸ ਨਾਲ ਸ਼ਰਧਾਲੂਆਂ ਵਿੱਚ ਆਪਣੇ ਆਪ ਨੂੰ ਸ੍ਰੇਸ਼ਟ ਅਤੇ ਦੂਜਿਆਂ ਨੂੰ ਨੀਵੇਂ ਸਮਝਣ ਦਾ ਔਗੁਣ ਭਾਰੂ ਹੋਣ ਲੱਗਦਾ ਹੈ। ਸੋਚ ਵਿਚਾਰ ਇਸ ਪੱਧਰ ਤੱਕ ਪਹੁੰਚਾ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਡੇਰੇ, ਧਰਮ, ਸੰਪਰਦਾ ਦੇ ਸ਼ਰਧਾਲੂ/ਸੇਵਕਾਂ ਤੋਂ ਇਲਾਵਾ ਦੂਜਿਆਂ ਨੂੰ ਗੁਨਾਹਗਾਰ ਸਮਝਣ ਲੱਗ ਜਾਂਦੇ ਹਨ। ਇਸ ਦਾ ਹੀ ਸਿੱਟਾ ਹੁੰਦਾ ਹੈ ਜਦੋਂ ਕਿਤੇ ਆਪਸੀ ਵਿਚਾਰਧਾਰਕ ਜਾਂ ਹੋਰ ਗਲਤ ਫਹਿਮੀ ਖੜ੍ਹੀ ਹੁੰਦੀ ਹੈ ਤਾਂ ਪਹਿਲਾਂ ਹੀ ਮਨ ਵਿੱਚ ਦੋਸ਼ੀ ਦਾ ਸਰੂਪ ਬਣਾਈ ਬੈਠੇ ਲੋਕਾਂ ਨੂੰ ਉਹ ਸਜ਼ਾ ਦੇਣ ਲਈ

ਤੱਤਪਰ ਹੋ ਜਾਂਦੇ ਹਨ। ਜਿਸ ਦੇ ਸਿੱਟੇ ਭਿਆਨਕ ਨਿਕਲਦੇ ਹਨ। ਕਈ ਵਾਰ ਤਾਂ ਅਗਲੀਆਂ ਪੀੜ੍ਹੀਆਂ ਤੱਕ ਵੀ ਨਫ਼ਰਤ ਦਾ ਪਾੜਾ ਲਗਾਤਾਰ ਪਿਆ ਰਹਿੰਦਾ ਹੈ। ਬਹੁਤੇ ਡੇਰਿਆਂ/ਸੰਪਰਦਾਵਾਂ/ਧਰਮਾਂ ਦੀ ਵਿਚਾਰਧਾਰਾ ਲੋਕ ਪੱਖੀ ਨਹੀਂ ਨਿੱਜੀ-ਹਿੱਤ ਪੂਰਨ ਵਾਲੀ ਹੈ। ਕੁਝ ਡੇਰੇ, ਧਰਮ ਇੱਕ ਵਿਅਕਤੀ, ਇੱਕ ਪਰਿਵਾਰ ਦੀ ਜਾਇਦਾਦ ਹੀ ਬਣੇ ਹੋਏ ਹਨ। ਇਸਦਾ ਪ੍ਰਤੱਖ ਪ੍ਰਮਾਣ ਸਭ ਦੇ ਸਾਹਮਣੇ ਹੈ। ਖ਼ਾਸ ਤੌਰ ਤੇ ਅਜਿਹੇ ਡੇਰਿਆਂ ਤੇ ਸ਼ਰਧਾਲੂਆਂ ਨੂੰ ਸਿੱਖਿਆ ਸਿਰਫ਼ ਤਾਂ ਸਿਰਫ਼ ਚੰਗੇ ਸੇਵਕ ਬਣਨ ਤੱਕ ਹੀ ਦਿੱਤੀ ਜਾਂਦੀ ਹੈ। ਉਹ ਨਹੀਂ ਚਾਹੁੰਦੇ ਕਿਸੇ ਪੈਰੋਕਾਰ ਦੀ ਸਮਝ ਸੇਵਕ ਦੇ ਪੱਧਰ ਤੋਂ ਉੱਪਰ ਉੱਠੇ (ਹੁਕਮ ਮੰਨਣ ਤੱਕ ਰਹੇ, ਵਿਚਾਰ ਕਰਨ ਤੱਕ ਨਾ ਜਾਵੇ)। ਕਿਉਂਕਿ ਜੇਕਰ ਅਜਿਹਾ ਹੋ ਗਿਆ ਤਾਂ ਉਨ੍ਹਾਂ ਦਾ ਪਰਦਾਫਾਸ਼ ਹੋ ਜਾਵੇਗਾ। ਜਿਹੜਾ ਉਨ੍ਹਾਂ ਨੇ ਸਵਰਗ ਦਾ ਲਾਲਚ ਅਤੇ ਨਰਕ ਦੇ ਡਰ ਨਾਲ ਡਰਾ-ਡਰਾ ਕੇ ਆਪਣੇ ਆਪ ਨੂੰ ਰੱਬ ਦੇ ਏਜੰਟ ਹੋਣ ਦਾ ਪਰਦਾ ਤਾਣਿਆ ਹੋਇਆ ਹੈ।

ਸੇਵਕਾਂ ਨੂੰ ਵਾਰ-ਵਾਰ ਕਿਹਾ ਜਾਂਦਾ ਹੈ ਕਿ ਤੁਹਾਡੀ ਸਮਝ ਦਾ ਪੱਧਰ ਬਹੁਤ ਘੱਟ ਹੈ। ਇੰਨਾ ਨਹੀਂ ਕਿ ਤੁਸੀਂ ਪੂਰਨ ਗੁਰੂ ਦੀ ਪਛਾਣ ਕਰ ਸਕੋ। ਐਪਰ ਨਾਲ ਹੀ ਕਿਹਾ ਜਾਂਦਾ ਹੈ ਕਿ 'ਨਾਮ-ਸ਼ਬਦ' ਪੂਰਨ ਗੁਰੂ ਤੋਂ ਹੀ ਪ੍ਰਾਪਤ ਕਰਨਾ ਚਾਹੀਦਾ ਹੈ। ਇੰਜ ਵੀ ਕਿਹਾ ਜਾਂਦਾ ਹੈ ਕਿ ਪ੍ਰਮਾਤਮਾ, ਰੱਬ ਨੂੰ ਪਾਉਣਾ, ਪ੍ਰਾਪਤ ਕਰਨਾ, ਦਰਸ਼ਨ ਕਰਨਾ ਬਹੁਤ ਔਖਾ ਕੰਮ ਹੈ। ਜਿਸ ਤੇ ਉਸ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ। ਉਹ ਹੀ ਉਸਨੂੰ ਪ੍ਰਾਪਤ ਕਰ ਸਕਦਾ ਹੈ। ਪ੍ਰੰਤੂ ਕ੍ਰਿਪਾ ਦ੍ਰਿਸ਼ਟੀ ਕਰਮਾਂ-ਭਾਗਾਂ ਵਾਲਿਆਂ ਤੇ ਹੁੰਦੀ ਹੈ। ਕਹਿਣ ਦਾ ਭਾਵ ਸੇਵਕਾਂ, ਪੈਰੋਕਾਰਾਂ ਨੂੰ ਬਹਾਨੇ ਨਾਲ ਮੂਰਖ, ਕਮਜ਼ੋਰ, ਨਿਮਾਣੇ, ਨਿਤਾਣੇ, ਨਿਕਰਮੇ, ਬੇ-ਮੁੱਖ ਆਦਿ ਕਿਹਾ ਹੀ ਨਹੀਂ ਜਾਂਦਾ ਸਗੋਂ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ। ਜਿਸ ਕਾਰਨ ਡੇਰੇਦਾਰ, ਮਹਾਰਾਜ, ਪਾਤਸ਼ਾਹ, ਸੰਤ, ਬਾਬਾ ਉਨ੍ਹਾਂ ਨੂੰ ਹੋਰ ਉੱਚਾ, ਵੱਡਾ ਮਹਾਨ, ਤਾਕਤਵਰ ਦਿਖਾਈ ਦੇਣ ਲੱਗ ਜਾਂਦਾ ਹੈ। ਉਹ ਆਪ ਸੁਰਤੀ ਲਗਾਉਣ ਦੇ ਚੱਕਰ 'ਚ ਸੁਰਤ ਗਵਾ ਲੈਂਦੇ ਹਨ।

ਸਾਰਿਆਂ ਨੂੰ ਪਤਾ ਹੈ ਕਿ ਜਦੋਂ ਮਿਸਤਰੀ/ਉਸਤਾਦ ਕੋਲ ਕਿਸੇ ਸਿਖਿਆਰਥੀ ਨੂੰ ਕੰਮ ਸਿੱਖਣ ਲਈ ਭੇਜਿਆ ਜਾਂਦਾ ਹੈ। ਇਹ ਇਸ ਲਈ ਨਹੀਂ ਭੇਜਿਆ ਜਾਂਦਾ ਕਿ ਉਹ ਸਿਰਫ਼ ਚਾਬੀਆਂ-ਪਾਨਿਆਂ ਨਾਲ ਨਟ ਬੋਲਟ ਖੋਲ੍ਹਣ ਤੱਕ ਹੀ ਸੀਮਤ ਰਹੇ। ਸਗੋਂ ਇਸ ਕਰਕੇ ਉੱਥੇ ਛੱਡਦੇ ਹਾਂ ਕਿ ਉਹ ਵੀ ਉਸਤਾਦ ਬਣੇ। ਜੇਕਰ ਮਿਸਤਰੀ/ਉਸਤਾਦ ਦੇ ਮਨ ਵਿੱਚ ਖੋਟ ਹੋਵੇ ਤਾਂ ਉਹ ਮਸ਼ੀਨ ਦੇ ਸਿਸਟਮ, ਇੰਜਣ ਦੇ ਕੰਮ ਕਰਨ ਦੇ ਢੰਗ ਬਾਰੇ ਜਾਣਕਾਰੀ ਨਹੀਂ ਦੇਵੇਗਾ। ਕਿਉਂਕਿ ਉਸ ਨੂੰ ਪਤਾ ਹੈ ਕਿ ਇੰਜਣ, ਮਸ਼ੀਨ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਉਹ ਉਸਦੀ ਦੁਕਾਨ ਤੇ ਨਹੀਂ ਰਹੇਗਾ। ਉਸ ਨੂੰ ਸਿਖਿਆਰਥੀ ਤੋਂ ਮਿਲਦੀ ਸੇਵਾ ਤੇ ਸਹਾਇਤਾ ਬੰਦ ਹੋ ਜਾਵੇਗੀ।

ਅਜਿਹੀ ਸੋਚ ਮਨ ਵਿੱਚ ਬਿਠਾਈ ਰੱਖਣ ਵਾਲੇ ਉਸਤਾਦ ਕੋਲ ਜਾਣ ਵਾਲਾ ਸਿਖਿਆਰਥੀ ਸਿਰਫ਼ ਸਿਖਿਆਰਥੀ ਹੀ ਰਹੇਗਾ, ਸਿਰਫ਼ ਨਟ-ਬੋਲਟ ਖੋਲ੍ਹਣ ਤੇ ਦੁਕਾਨ ਦੀ ਸਫ਼ਾਈ ਕਰਨ ਤੱਕ। ਜਿਵੇਂ ਡੇਰਿਆਂ ਤੇ ਸੇਵਾ ਤੇ ਸਿਮਰਨ ਦੇ ਚੱਕਰ ਵਿੱਚ ਪਾ ਕੇ ਰੱਖਿਆ ਜਾਂਦਾ ਹੈ। ਇਨ੍ਹਾਂ ਡੇਰੇਦਾਰਾਂ ਦੇ ਵੀ ਮਨ ਵਿੱਚ ਖੋਟ ਹੈ ਇਸ ਲਈ ਉਹ ਸਿਰਫ਼ ਸੱਚੇ-ਸੇਵਕ ਬਣਨ ਦੀ ਹੀ ਸਿੱਖਿਆ ਦਿੰਦੇ ਹਨ, ਪ੍ਰਚਾਰ ਕਰਦੇ ਹਨ। ਇਹਦੇ ਨਾਲ-ਨਾਲ ਆਪਣੇ ਆਪ ਨੂੰ ਸੇਵਕਾਂ ਤੋਂ ਉੱਚਾ ਰੱਖਣ ਬਾਰੇ ਵੀ ਯੋਜਨਾਬੱਧ ਤਰੀਕੇ ਨਾਲ ਨੀਵੇਂ, ਨਿਮਾਣੇ, ਨਿਤਾਣੇ, ਕਮਜ਼ੋਰ, ਮੂਰਖ ਆਦਿ ਵਿਚਾਰ ਸੇਵਕਾਂ ਦੇ ਮਨ ਵਿੱਚ ਭਰਦੇ ਰਹਿੰਦੇ ਹਨ ਤਾਂ ਕਿ ਉਹ ਉੱਪਰ (ਆਪਣੇ) ਵੱਲ ਵੇਖ ਹੀ ਨਾ ਸਕਣ। 'ਫ਼ਲ ਨੀਵਿਆਂ ਰੁੱਖਾਂ ਨੂੰ ਲੱਗਦੇ' ... ਵਰਗੀਆਂ ਧਾਰਨਾਵਾਂ ਪੜ੍ਹਦੇ ਹਨ। ਤਾਂ ਕਿ ਧਰਤੀ ਤੇ ਲੰਮੇ ਪਏ ਹੀ ਡੰਡਾਉਤ ਕਰੀ ਜਾਣ। ਕਿਤੇ ਪੈਰਾਂ ਭਾਰ ਬੈਠ ਜਾਂ ਖੜ੍ਹੇ ਨਾ ਹੋ ਜਾਣ ਤਾਂ ਕਿ ਉਨ੍ਹਾਂ ਦੀ ਨਜ਼ਰ ਆਲੇ-ਦੁਆਲੇ ਕਿਤੇ ਹੋਰ ਨਾ ਚਲੀ ਜਾਵੇ। ਕਿਧਰੇ ਆਸੇ-ਪਾਸੇ ਦੇਖ ਕੇ ਉਨ੍ਹਾਂ ਦੀ ਸੋਚਣ ਸ਼ਕਤੀ ਦੁਬਾਰਾ ਕੰਮ ਨਾ ਕਰਨ ਲੱਗ ਪਵੇ। ਆਪ ਕਰੋੜਾਂ, ਅਰਬਾਂ ਰੁਪਏ ਦੀ ਜਾਇਦਾਦ ਦੇ ਮਾਲਕ ਬਣਕੇ ਵੀ ਹੋਰ ਵਾਧੇ ਦੇ ਲਈ ਯੋਜਨਾਵਾਂ ਬਣਾ ਕੇ ਲਾਗੂ ਕਰ ਰਹੇ ਹਨ। ਪਰ ਸ਼ਰਧਾਲੂਆਂ ਦੇ ਜੀਵਨ ਵਿੱਚ ਕਿਸੇ ਤਰ੍ਹਾਂ ਖੁਸ਼ਹਾਲੀ ਆਵੇ, ਇਸ ਬਾਰੇ ਕਿਸੇ ਧਰਮ, ਡੇਰੇ, ਸੰਪਰਦਾ, ਸੰਤ, ਬਾਬੇ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਸੇਵਕਾਂ ਨੂੰ ਕਿਸੇ ਉੱਪਰ ਵਾਲੇ (ਅਪ੍ਰਤੱਖ, ਅਕਾਲ ਪੁਰਖ) ਰੱਬ ਤੋਂ ਉਮੀਦ ਲਗਾ ਕੇ ਰੱਖਣ ਲਈ ਕਿਹਾ ਜਾ ਰਿਹਾ ਹੈ। ਆਸ ਪੂਰੀ ਕਰਨ ਲਈ ਆਰਤੀਆਂ, ਅਰਦਾਸਾਂ ਅਤੇ 'ਨਾਮ-ਜਪੋ' ਦਾ ਲੜ ਹੱਥ 'ਚ ਫੜਾਇਆ ਹੋਇਆ ਹੈ, ਜਿਵੇਂ ਕਾਰੂ ਦੇ ਖਜ਼ਾਨੇ ਦੀ ਚਾਬੀ ਹੋਵੇ। ਪ੍ਰੰਤੂ ਆਪ ਥੱਲੇ ਵਾਲੇ (ਕਰਤਾ-ਪੁਰਖ, ਸ਼ਰਧਾਲੂਆਂ) ਤੋਂ ਆਪਣੀ ਆਸ, ਉਮੀਦ ਕੋਟੇ ਲਾ ਕੇ ਪੂਰੀ ਕੀਤੀ ਜਾ ਰਹੀ ਹੈ। ਕਿਉਂਕਿ ਆਪ ਇਨ੍ਹਾਂ ਨੂੰ ਕਿਸੇ ਰੱਬ, ਪ੍ਰਮਾਤਮਾ ਤੇ ਕੋਈ ਭਰੋਸਾ, ਵਿਸ਼ਵਾਸ ਨਹੀਂ ਹੈ। ਜੇਕਰ ਹੁੰਦਾ ਤਾਂ ਸੇਵਕਾਂ (ਕਰਤਾ-ਪੁਰਖ) ਤੋਂ ਕੋਟੇ ਲਾ ਕੇ ਵਸਤਾਂ ਪ੍ਰਾਪਤ ਕਰਨ ਦੀ ਲੋੜ ਨਹੀਂ ਸੀ ਰਹਿਣੀ। ਇਹ ਬਾਕੀ ਰਹਿੰਦੀ ਕਸਰ (ਭੁੱਖ) ਇੱਕ-ਦੂਜੇ ਦੇ ਡੇਰਿਆਂ, ਸਰਕਾਰੀ ਜ਼ਮੀਨਾਂ 'ਤੇ ਕਬਜ਼ੇ ਕਰਕੇ ਪੂਰੀ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ, ਕਰਦੇ ਹਨ। ਇਸ ਸਬੰਧੀ ਕਈਆਂ ਤੇ ਕੇਸ ਵੀ ਦਰਜ ਹੋ ਚੁੱਕੇ ਹਨ। ਇਹ ਸੱਚ ਅਖ਼ਬਾਰਾਂ, ਟੀ.ਵੀ. ਰਾਹੀਂ ਲੋਕਾਂ ਸਾਹਮਣੇ ਹਰ ਰੋਜ਼ ਜ਼ਾਹਰ ਹੋ ਰਿਹਾ ਹੈ। ਪ੍ਰੰਤੂ ਫਿਰ ਵੀ ਲੋਕੀਂ ਲੋੜਾਂ, ਥੁੜਾਂ ਮਾਰੇ, ਬਿਮਾਰ, ਬੇ-ਵੱਸ ਹੋਏ 'ਨਾਮ ਦੇ ਜੰਜਾਲ' ਵਿੱਚ ਫ਼ਸਦੇ ਜਾ ਰਹੇ ਹਨ। ਉਹ ਆਪਣੀ ਹਰ ਮੁਸ਼ਕਲ ਦਾ ਹੱਲ ਇਨ੍ਹਾਂ ਕੋਲ ਹੋਣ ਦੀ ਉਮੀਦ ਕਰਦੇ ਹਨ। ਕਿਉਂਕਿ ਉਨ੍ਹਾਂ ਦੇ ਸ਼ਬਦ-ਜਾਲ ਤੇ ਮਨ-ਭਰਮਾਊ, ਦਿਲ-ਲੁਭਾਊ, ਵਚਨਾਂ-ਪ੍ਰਵਚਨਾਂ ਦੇ ਕਾਰਨ, ਉਹ ਸੰਮੋਹਿਤ ਹੋ ਕੇ ਅੰਨ੍ਹੀ-ਸ਼ਰਧਾ ਵਿੱਚ ਲੀਨ ਹੋ ਜਾਂਦੇ ਹਨ। ਫਿਰ 'ਨਾਮ' ਦੇਣ ਵਾਲੇ ਉਨ੍ਹਾਂ ਨੂੰ ਕਠਪੁਤਲੀ ਦੀ

ਤਰ੍ਹਾਂ ਵਰਤਦੇ ਹਨ। ਉਨ੍ਹਾਂ ਨੂੰ ਸਿਰਫ਼ ਤਾਂ ਸਿਰਫ਼ ਹੁਕਮ ਮੰਨਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਕਿਸੇ ਵੀ ਗੱਲ ਤੇ ਕਿੰਤੂ-ਪ੍ਰੰਤੂ ਕਰਨ ਨੂੰ ਉਲੰਘਣਾ ਮੰਨਿਆ ਜਾਂਦਾ ਹੈ। ਅਜਿਹਾ ਕਰਨ ਵਾਲੇ ਬੰਦੇ ਨੂੰ ਉਸਦਾ ਕਿਸੇ ਨਾ ਕਿਸੇ ਤਰ੍ਹਾਂ ਦਾ ਨੁਕਸਾਨ ਹੋਣ ਦਾ ਡਰ ਦਿੱਤਾ ਜਾਂਦਾ ਹੈ। ਉਸ ਨੂੰ ਅੰਨ੍ਹੀ-ਸ਼ਰਧਾ ਰੱਖਣ ਵਾਲੇ ਸੇਵਕ ਵਾਰ-ਵਾਰ ਤਾਕੀਦ ਕਰਦੇ ਹਨ ਕਿ ਹੁਕਮ ਨਾ ਮੰਨ ਕੇ ਪਾਪਾਂ ਦਾ ਭਾਗੀ ਨਾ ਬਣੀ। 'ਨਾਮ' ਲੈਣ ਵਾਲੇ ਜਿਉਂਦੇ ਬੰਦੇ ਨੂੰ ਬੁੱਤ ਬਣ ਕੇ ਰਹਿਣ ਦੀ ਪ੍ਰੇਰਨਾ ਹੀ ਨਹੀਂ ਸਗੋਂ ਹੁਕਮ ਦਿੱਤਾ ਜਾਂਦਾ ਹੈ ਅਤੇ ਧਮਕਾਇਆ ਜਾਂਦਾ ਹੈ। ਸੰਤ, ਬਾਬੇ, ਡੇਰੇਦਾਰ ਅਜਿਹੇ ਸੇਵਕਾਂ ਨੂੰ ਨਹੀਂ ਚਾਹੁੰਦੇ ਜੋ ਆਪਣੀ ਬੁੱਧੀ, ਸੋਚ, ਸਮਝ ਨਾਲ ਏਨਾ ਕੁ ਵਿਚਾਰ ਸਕਣ ਕਿ ਬੰਦੇ ਤੇ ਬੁੱਤ ਵਿੱਚ ਕੀ ਫ਼ਰਕ ਹੈ। ਬੁੱਤ ਕੋਈ ਵਿਚਾਰ ਨਹੀਂ ਕਰ ਸਕਦਾ? ਬੁੱਤ ਮੁਰਦਾ ਹੁੰਦੇ ਹਨ। ਬੁੱਤ ਨਿਰਜੀਵ ਹੁੰਦੇ ਹਨ। ਪ੍ਰੰਤੂ ਸੰਤ, ਬਾਬੇ, ਡੇਰੇਦਾਰ, ਧਰਮਾਂ ਵਾਲੇ ਸੰਜੀਵ ਮਨੁੱਖ ਨੂੰ ਨਿਰਜੀਵ ਬੁੱਤ ਵਰਗਾ ਬਣਾ ਦਿੰਦੇ ਹਨ। ਜਿਹੜਾ ਸਿਰਫ਼ ਉਨ੍ਹਾਂ ਦਾ ਹੁਕਮ ਮੰਨਣਾ (ਬੁੱਤ ਵਾਂਗ ਇੱਕ ਥਾਂ ਖੜ੍ਹਨਾ) ਹੀ ਆਪਣੀ ਮੰਜ਼ਿਲ ਸਮਝਣ ਲੱਗ ਜਾਂਦਾ ਹੈ। 'ਨਾਮ' ਦੇਣ ਵਾਲੇ ਚੌਰਸਤੇ ਵਿੱਚ ਰੁਕਣ ਦਾ ਇਸ਼ਾਰਾ ਹੀ ਨਹੀਂ ਕਰਦੇ ਸਗੋਂ ਗੁੰਮਰਾਹ ਕਰਕੇ ਆਪਣੇ ਚੁੰਗਲ, ਸ਼ਬਦ-ਜਾਲ, ਮਾਇਆ-ਜਾਲ, ਨਾਮ ਦੇ ਜੰਜਾਲ ਵਿੱਚ ਫਸਾ ਲੈਂਦੇ ਹਨ ਅਤੇ ਹੁਕਮ ਮੰਨਵਾਉਂਦੇ ਹਨ।

ਆਪਣੇ ਸੇਵਕਾਂ ਦੀ ਸੋਚ-ਸਮਝ ਨੂੰ ਬੜੀ ਸਫਲਤਾ ਨਾਲ ਉਲਝਾਈ ਰੱਖਦੇ ਹਨ। ਧਾਰਮਿਕ ਸਮਾਗਮਾਂ ਵਿੱਚ ਪ੍ਰਚਾਰਿਆ ਜਾਂਦਾ ਹੈ ਕਿ 'ਮੇਰਾ ਸਤਿਗੁਰ ਯਾਰ ਗਰੀਬਾਂ ਦਾ' ਅਤੇ 'ਰੱਬ ਮਿਲਦਾ ਗਰੀਬੀ ਦਾਵੇ...।' ਇਹ ਸਤਰਾਂ ਵਾਰ-ਵਾਰ ਸੁਣਾਈਆਂ ਤੇ ਸਾਖ਼ੀਆਂ ਰਾਹੀਂ ਸਮਝਾਈਆਂ ਜਾਂਦੀਆਂ ਹਨ। ਕਿਧਰੇ ਸੇਵਕਾਂ ਦੀ ਸੋਚ-ਸਮਝ ਇਸ ਪੱਧਰ ਤੱਕ ਨਾ ਪਹੁੰਚ ਜਾਵੇ ਕਿ ਉਹ ਵੀ ਮਨੁੱਖਾਂ ਦੀ ਜ਼ਿੰਦਗੀ ਜਿਉਣ ਦੀ ਤਾਂਘ, ਤਮੰਨਾ, ਇੱਛਾ ਰੱਖਣ ਲੱਗ ਪੈਣ। ਪ੍ਰੰਤੂ ਆਪ ਹਰ ਤਰ੍ਹਾਂ ਦੀਆਂ ਸ਼ਾਹੀ ਸੁੱਖ-ਸਹੂਲਤਾਂ, ਮੌਜਾਂ ਮਾਣਦੇ ਹੋਏ ਵੀ ਰੱਬ, ਸਤਿਗੁਰ ਦੇ ਪੱਕੇ, ਸੱਚੇ ਮਿੱਤਰ ਬਣੇ ਬੈਠੇ ਹਨ ਅਤੇ ਰੱਬ ਨੂੰ ਪ੍ਰਾਪਤ ਕਰਨ ਦਾ ਦਾਅਵਾ ਵੀ ਕਰਦੇ ਹਨ, ਜਿਵੇਂ ਕਿਤੇ ਗੁਆਚਾ ਹੋਵੇ। ਅਸਲ 'ਚ ਲੋਕਾਂ ਨੂੰ ਮੂਰਖ, ਗਧੇ ਬਣਾ ਕੇ ਲੁੱਟ ਰਹੇ ਹਨ। ਜੇਕਰ ਰੱਬ ਗਰੀਬੀ ਦੀ ਹਾਲਤ ਵਿੱਚ ਹੀ ਮਿਲਦਾ ਹੈ ਜਾਂ ਗਰੀਬਾਂ ਦਾ ਹੀ ਯਾਰ ਹੈ ਤਾਂ ਕਿਹੜੇ ਤੇ ਕਿੰਨੇ ਗਰੀਬਾਂ ਨੂੰ ਉਸਦੀ ਇਸ ਯਾਰੀ ਦਾ ਲਾਭ ਪ੍ਰਾਪਤ ਹੋਇਆ ਹੈ। ਜੇ ਲਾਭ ਪ੍ਰਾਪਤ ਹੋਇਆ ਹੁੰਦਾ ਤਾਂ ਗਰੀਬਾਂ ਦੀ ਗਿਣਤੀ ਦਾ ਅੰਕੜਾ ਜੋ ਤੇਜ਼ੀ ਨਾਲ ਵਧ ਰਿਹਾ ਹੈ, ਹੁਣ ਤੱਕ ਖ਼ਤਮ ਹੋ ਜਾਣਾ ਚਾਹੀਦਾ ਸੀ। ਕੁਝ ਲੋਕ ਇਨ੍ਹਾਂ ਸੰਤਾਂ, ਬਾਬਿਆਂ, ਡੇਰੇਦਾਰਾਂ ਦੇ ਨਜ਼ਦੀਕੀ ਕਹਿ ਸਕਦੇ ਹਨ ਕਿ ਉਹ ਤਾਂ ਮਨ ਦੀ ਹਲੀਮੀ, ਨਿਮਰਤਾ, ਗਰੀਬੀ ਦੀ ਗੱਲ ਕਰਦੇ ਹਨ। ਉਹ ਕਿੰਨੇ ਗਰੀਬ ਹਨ, ਜਿਹੜੇ ਮਾਣ ਦੇ ਹੰਕਾਰ ਨਾਲ ਭਰੇ ਹੋਏ ਹਨ ਤੇ ਇਸ ਦਾ

ਕਿੱਥੇ ਦਿਖਾਵਾ ਕਰ ਰਹੇ ਹਨ। ਗਰੀਬ ਕਿਸ ਅਧਾਰ ਤੇ ਮਾਣ ਤੇ ਹੰਕਾਰ ਕਰੇਗਾ? ਜੇਕਰ ਰੱਬ ਗਰੀਬੀ ਦਾਵੇ ਹੀ ਮਿਲਦਾ ਹੈ ਤਾਂ ਸ਼ਾਹੀ ਠਾਠ ਨਾਲ ਰਹਿ ਰਹੇ ਸੰਤ, ਬਾਬੇ, ਡੇਰੇਦਾਰ, ਧਰਮ ਪ੍ਰਚਾਰਕ ਜ਼ਰੂਰ ਕੋਰਾ ਝੂਠ ਬੋਲ ਰਹੇ ਹਨ। ਇਨ੍ਹਾਂ ਦੇ ਹੀ ਮੁਤਾਬਕ ਫਿਰ ਉਹ ਇਨ੍ਹਾਂ ਦੇ ਨੇੜੇ ਨਹੀਂ ਢੁੱਕ ਸਕਦਾ, ਆ ਸਕਦਾ।

ਇੰਝ ਆਪਣੇ ਸੇਵਕਾਂ, ਸ਼ਰਧਾਲੂਆਂ ਨੂੰ ਗੁੰਮਰਾਹ-ਕੁਨ ਵਚਨਾਂ-ਪ੍ਰਵਚਨਾਂ ਵਿੱਚ ਉਲਝਾਇਆ ਹੋਇਆ ਹੈ। ਕਿਹਾ ਜਾਂਦਾ ਹੈ ਕਿ 'ਕੋਈ ਬੀਜੀ ਦਾ ਧਰਮ ਵਾਲੀ ਕਿਆਰੀ, ਪਾਪਾਂ ਵਾਲੇ ਖੇਤ ਬੀਜ ਲਏ'। ਇਹ ਅਜਿਹੇ ਸੇਵਕਾਂ ਨੂੰ ਸੁਣਾਇਆ ਜਾਂਦਾ ਹੈ ਜਿਹੜੇ ਆਪਣੀ ਮਿਹਨਤ ਨਾਲ ਸਵੇਰ ਤੋਂ ਸ਼ਾਮ ਤੱਕ ਕਿਰਤ ਕਰਕੇ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ। ਜਿਹੜੇ ਮੰਜੇ ਤੇ ਪੈਂਦਿਆਂ ਹੀ ਥਕਾਵਟ ਨਾਲ ਟੁੱਟੇ ਸਰੀਰ ਕਾਰਨ ਗੂੜੀ ਨੀਂਦ ਸੌਂ ਜਾਂਦੇ ਹਨ। ਇਹ ਲੋਕ ਕਿਹੜੇ ਸਮੇਂ, ਕਿਹੜੇ ਪਾਪ ਕਰਦੇ ਹਨ? ਕੋਈ ਦੱਸੇਗਾ? ਕੀ ਕਿਰਤ ਕਰਨਾ ਪਾਪ ਹੈ? ਤੇ ਉਨ੍ਹਾਂ ਨੇ ਪਾਪਾਂ ਵਾਲੇ ਖੇਤ ਕਿੱਥੇ ਬੀਜੇ ਹੋਏ ਹਨ? ਹੈ ਕੋਈ ਪਤਾ ਟਿਕਾਣਾ? ਤੁਹਾਡੀ ਧਰਮ ਦੀ ਕਿਆਰੀ-ਖੇਤ ਕਿੱਥੇ ਹੈ? ਇਸ ਬਾਰੇ ਉਹ ਨਹੀਂ ਦੱਸਣਗੇ ਕਿਉਂਕਿ ਇਹ ਸਭ ਕੋਰਾ ਝੂਠ ਹੈ। ਗੁੰਮਰਾਹ-ਕੁਨ ਪ੍ਰਚਾਰ ਹੈ।

ਐਪਰ ਇਸ 'ਨਾਮ ਦੇ ਜੰਜਾਲ' ਵਿੱਚ ਫਸੇ ਲੋਕਾਂ ਦੀ ਪੈਰ-ਪੈਰ ਤੇ ਹਰ ਤਰ੍ਹਾਂ (ਤਨ, ਮਨ, ਧਨ) ਦੀ ਲੁੱਟ ਸ਼ਬਦ ਜਾਲ ਵਿੱਚ ਫਸਾ ਕੇ ਕੀਤੀ ਜਾ ਰਹੀ ਹੈ। ਇਨ੍ਹਾਂ ਦੇ ਸਿਆਸੀ ਲੀਡਰਾਂ ਵਰਗੇ ਵਾਅਦਿਆਂ, ਲਾਰਿਆਂ, ਨੂੰ ਸਮਝਣ ਤੇ ਵਿਚਾਰਨ ਦੀ ਸਖ਼ਤ ਜ਼ਰੂਰਤ ਹੈ। ਇਹ ਹੋਕਾ ਕੋਈ ਦੇ ਕੇ, ਵੇਚ ਕੁਝ ਹੋਰ ਰਹੇ ਹਨ। ਸੰਤ, ਬਾਬਿਆਂ, ਡੇਰੇਦਾਰਾਂ ਅਤੇ ਧਰਮ ਪ੍ਰਚਾਰਕਾਂ ਦੀ ਕਹਿਣੀ-ਕਰਨੀ, ਦਾ ਸੁਮੇਲ ਕਰਕੇ ਦੇਖੋ ਤਾਂ ਬਹੁਤ ਕੁਝ ਸਪੱਸ਼ਟ ਹੋ ਜਾਵੇਗਾ। ਮਨੁੱਖ ਤੋਂ ਮਨੁੱਖ ਨੂੰ ਦੂਰ ਕਰਨ, ਭੇਦ-ਭਾਵ ਫੈਲਾਉਣ ਵਾਲੇ 'ਨਾਮ ਦੇ ਜੰਜਾਲ' ਪ੍ਰਤੀ ਚੇਤਨ ਹੋਣਾ ਹੀ ਪੈਣਾ ਹੈ। ਫਿਰ ਹੀ ਇਸ ਦੇ ਜਕੜਜਾਲ ਤੋਂ ਨਿਜਾਤ ਪਾਈ ਜਾ ਸਕੇਗੀ ਅਤੇ ਮਾਨਵਵਾਦੀ ਵਿਚਾਰਧਾਰਾ ਦੇ ਪ੍ਰਚਾਰ-ਪਾਸਾਰ ਨਾਲ ਹਰ ਤਰ੍ਹਾਂ ਦੇ ਵਿਤਕਰੇ-ਵਧੀਕੀਆਂ ਨੂੰ ਖ਼ਤਮ ਕਰਨਾ ਹੋਵੇਗਾ, ਕਰ ਦਿੱਤਾ ਜਾਵੇਗਾ।

ਨਾਮ ਦਾ ਰੱਬ

ਕੀ ਸਿਰਫ਼ ਨਾਮ ਦਾ 'ਰੱਬ' ਹੈ, ਜਾਂ 'ਰੱਬ' ਦਾ ਨਾਮ ਹੈ? 'ਨਾਮ' ਦਾ ਰੱਬ ਤੋਂ ਭਾਵ ਹੈ ਕਿ ਅਸਲ ਵਿੱਚ ਰੱਬ ਹੈ ਨਹੀਂ, ਸਿਰਫ਼ ਖ਼ਿਆਲੀ, ਕਲਪਤ,ਕਾਗਜ਼ੀ (ਪੋਥੀਆਂ, ਗ੍ਰੰਥਾਂ, ਕਿਤਾਬਾਂ ਵਿੱਚ) ਅਨੁਮਾਨਤ ਹੈ, ਪ੍ਰਮਾਣਤ ਨਹੀਂ। 'ਰੱਬ ਦਾ ਨਾਮ' ਤੋਂ ਭਾਵ ਹੈ ਕਿ ਰੱਬ ਦੀ ਹੋਂਦ ਹੈ। ਪਰ ਇਸ ਨੂੰ ਇੰਝ ਹੀ ਮੰਨਣ ਦੀ ਬਜਾਏ ਵਿਚਾਰ ਕਰਕੇ ਹੀ ਸਿੱਟੇ ਤੇ ਪਹੁੰਚਿਆ ਜਾਵੇਗਾ। ਕਿ 'ਰੱਬ ਦਾ ਨਾਮ' ਹੈ ਜਾਂ ਨਾਮ ਦਾ ਹੀ ਰੱਬ ਹੈ।

ਪਹਿਲਾਂ ਰੱਬ ਦੇ ਨਾਮ ਬਾਰੇ ਵਿਚਾਰ ਕਰਦੇ ਹਾਂ। ਕੀ ਰੱਬ ਦਾ ਨਾਮ 'ਰੱਬ' ਹੀ ਹੈ ਜਾਂ ਅੱਲਾ, ਗੌਡ, ਹਰਿ, ਪ੍ਰਭੂ, ਸੋਹੰ, ਯਹੋਵਾ, ਮਾਲਕ, ਅਕਾਲ ਪੁਰਖ, ਕੁਦਰਤ, ਈਸਾ, ਬ੍ਰਹਮਾ, ਵਹਿਗੁਰੂ, ਓਮ, ਨਰਾਇਣ ਜਾਂ ਹੋਰ ਕੋਈ। ਕੀ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਨੂੰ ਰੱਬ ਦਾ ਅਸਲ ਨਾਮ ਮੰਨਦੇ ਹੋ, ਤੇ ਕਿਉਂ? ਜਾਂ 'ਰੱਬ' ਨੂੰ ਰੱਬ ਦਾ ਅਸਲ ਨਾਮ ਮੰਨਦੇ ਹੋ? ਜੇ ਅਜਿਹਾ ਹੈ, ਫਿਰ ਹੋਰ ਨਾਵਾਂ ਨੂੰ ਤਾਂ ਰੱਬ ਦੇ ਕੁ-ਨਾਮ ਹੀ ਕਿਹਾ ਜਾਵੇਗਾ। ਕੁ-ਨਾਮ ਉਸਦੇ ਨਾਂ ਨਾਲ ਜੋੜ ਕੇ ਬੋਲਿਆ/ਵਰਤਿਆ ਜਾਂਦਾ ਹੈ, ਜਿਸ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਕੁ-ਨਾਮ ਨਾਲ ਬੁਲਾਉਣਾ ਸਤਿਕਾਰ ਦਾ ਸੂਚਕ ਨਹੀਂ ਹੈ। ਇਸ ਲਈ ਸਮਝਿਆ ਜਾਵੇ ਕਿ ਜਿਹੜੇ 'ਰੱਬ' ਦੇ ਨਾਮ ਰੱਬ ਦੀ ਥਾਂ ਹੋਰ ਵਰਤ ਰਹੇ ਹਨ। ਉਹ ਸਾਰੇ ਹੀ ਕੁ-ਨਾਮ ਹਨ। ਕੀ ਉਹ ਲੋਕ ਅਜਿਹਾ ਕਰਕੇ ਰੱਬ ਦਾ ਤਿਰਸਕਾਰ ਨਹੀਂ ਕਰ ਰਹੇ? ਸਾਰੇ ਜਾਣਦੇ ਹਾਂ ਕਿ ਜਦੋਂ ਕਿਸੇ ਨੂੰ ਕੁ-ਨਾਮ ਨਾਲ ਬੁਲਾਇਆ ਜਾਂਦਾ ਹੈ ਤਾਂ ਮਾਹੌਲ ਝਗੜੇ ਵਾਲਾ ਬਣ ਜਾਂਦਾ ਹੈ। ਜੇ ਰੱਬ ਪ੍ਰਤੀ ਵੀ ਅਜਿਹਾ ਹੀ ਸਮਝਿਆ ਜਾਵੇ ਤਾਂ ਫਿਰ ਰੱਬ ਨਾਲ ਝਗੜੇ ਵਾਲੀ ਗੱਲ ਕਰਕੇ ਉਸ ਤੋਂ ਕੁਝ ਪ੍ਰਾਪਤ ਕਰਨ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ। ਜਦੋਂ ਤੱਕ ਸਹੀ ਨਾਮ ਨਾਲ ਨਹੀਂ ਬੁਲਾਵਾਂਗੇ, ਉਹ ਬੋਲੇਗਾ ਨਹੀਂ, ਤੁਹਾਡੀ ਗੱਲ ਨਾ ਸੁਣੇਗਾ ਤੇ ਨਾ ਮੰਨੇਗਾ।

ਅਜੇ ਤੱਕ ਦੁਨੀਆਂ ਦੇ ਲੋਕਾਂ ਕੋਲੋਂ ਰੱਬ ਦੇ 'ਨਾਮ' ਬਾਰੇ ਫ਼ੈਸਲਾ ਨਹੀਂ ਹੋ ਸਕਿਆ ਤੇ ਨਾ ਹੋਣਾ ਹੈ। ਪ੍ਰੰਤੂ ਤੁਸੀਂ ਕਦੇ ਸੋਚਿਆ ਹੈ ਜਾਂ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਮਨੁੱਖ ਨੂੰ ਰੱਬ ਬਾਰੇ ਕਿਵੇਂ ਪਤਾ ਲੱਗਿਆ? ਰੱਬ ਕਦੋਂ ਜਨਮਿਆਂ ਸੀ? ਰੱਬ ਕਿਉਂ ਪੈਦਾ ਹੋਇਆ? ਰੱਬ ਕਿਵੇਂ ਪੈਦਾ ਹੋਇਆ? ਰੱਬ ਦੀ ਹੋਂਦ ਕਿਸ ਥਾਂ ਹੈ ਜਾਂ ਕਿੱਥੇ ਰਹਿੰਦਾ ਹੈ? ਜਦੋਂ ਸੰਸਾਰ ਜਾਂ ਸ਼੍ਰਿਸ਼ਟੀ ਨਹੀਂ ਸੀ ਤਾਂ ਰੱਬ ਕਿੱਥੇ ਰਹਿੰਦਾ ਸੀ ਤੇ ਕੀ ਕਰਦਾ ਸੀ? ਜਿਵੇਂ ਧਰਮ ਗ੍ਰੰਥ ਕਹਿੰਦੇ ਹਨ ਕਿ ਸ਼੍ਰਿਸ਼ਟੀ ਦੀ ਰਚਨਾ ਰੱਬ ਨੇ ਕੀਤੀ ਹੈ, ਜੇਕਰ ਰੱਬ ਨੇ ਸ਼੍ਰਿਸ਼ਟੀ ਪੈਦਾ ਕੀਤੀ ਤਾਂ ਕਦੋਂ ਕੀਤੀ ਅਤੇ ਕਿੰਨੇ ਸਮੇਂ 'ਚ ਕੀਤੀ ਹੈ? ਰੱਬ ਨੂੰ ਸ਼੍ਰਿਸ਼ਟੀ ਪੈਦਾ ਕਰਨ ਦੀ ਲੋੜ ਕਿਉਂ ਪਈ? ਸ਼੍ਰਿਸ਼ਟੀ ਪੈਦਾ ਕਰਨ ਲਈ ਪਦਾਰਥ ਰੱਬ ਨੇ ਕਿੱਥੋਂ ਲਿਆ? ਜੇਕਰ ਰੱਬ ਸ਼੍ਰਿਸ਼ਟੀ ਤੋਂ ਪਹਿਲਾਂ ਮੌਜੂਦ ਸੀ, ਫਿਰ ਰੱਬ ਸੰਸਾਰ ਵਿੱਚ ਕਿੱਥੋਂ

ਆਇਆ? ਜੇਕਰ ਰੱਬ ਸਾਰਿਆਂ ਵਿੱਚ ਵਸਦਾ ਹੈ ਤਾਂ ਅਵੱਤਾਰ ਧਾਰ ਕੇ ਆਉਣ ਦਾ ਕੀ ਮਤਲਬ ਹੈ? ਜੇਕਰ ਰੱਬ ਜਾਣੀ-ਜਾਣ/ਅੰਤਰਜਾਮੀ ਹੈ ਤਾਂ ਉਸ ਅੱਗੇ ਅਰਦਾਸ ਕਰਕੇ ਉਸ ਨੂੰ ਦੱਸਣ ਦੀ ਕੀ ਜ਼ਰੂਰਤ ਹੈ? ਜੇਕਰ ਰੱਬ ਦਿਆਵਾਨ/ਦਿਆਲੂ ਅਤੇ ਸਰਵ-ਸ਼ਕਤੀਮਾਨ ਹੈ ਤਾਂ ਲੋਕਾਂ ਦੇ ਦੁੱਖਾਂ-ਮੁਸ਼ਕਲਾਂ ਦਾ ਹੱਲ ਦਯਾ, ਤਰਸ ਕਰਕੇ, ਆਪਣੀਆਂ ਸ਼ਕਤੀਆਂ ਦੀ ਯੋਗ ਵਰਤੋਂ ਦੁਆਰਾ ਕਿਉਂ ਨਹੀਂ ਕਰਦਾ? ਤੁਸੀਂ ਰੱਬ ਦੀ ਕੋਈ ਸ਼ਕਲ ਸੂਰਤ ਅਤੇ ਲਿੰਗ (ਮਰਦ, ਔਰਤ, ਹਿਜੜਾ) ਬਾਰੇ ਕੁਝ ਕਹੋਗੇ? ਕੀ ਰੱਬ ਆਪਣੇ ਕੀਤੇ ਕੰਮਾਂ ਦੀ ਪ੍ਰਸੰਸਾ ਅਤੇ ਧੰਨਵਾਦ ਦੀ ਭੁੱਖ ਰੱਖਦਾ ਹੈ? ਜੇਕਰ ਰੱਬ ਸਾਰਿਆਂ ਜੀਵਾਂ-ਮਨੁੱਖਾਂ ਵਿੱਚ ਆਪ ਹੀ ਵਸਦਾ ਹੈ ਤਾਂ ਉਸਨੂੰ 'ਨਾਮ-ਜਪਣ' ਰਾਹੀਂ ਮਿਲਣ ਦਾ ਕੀ ਅਰਥ ਹੈ? ਜੇਕਰ ਰੱਬ ਨੂੰ ਭੋਜਨ ਪ੍ਰਸਾਦ ਨਾ ਭੇਟ ਕੀਤਾ ਜਾਵੇ, ਕੀ ਉਹ ਭੁੱਖਾ ਮਰ ਜਾਵੇਗਾ? ਕੀ ਤੁਸੀਂ ਰੱਬ ਅੱਗੇ ਅਰਦਾਸ ਆਪਣੀ ਮਰਜ਼ੀ ਨਾਲ ਕਰਦੇ ਹੋ? ਜੇ ਅਜਿਹਾ ਹੈ ਤਾਂ ਤੁਸੀਂ ਉਹਦੇ ਹੁਕਮ ਤੋਂ ਬਾਹਰ ਹੋ? ਫਿਰ ਇਹ ਨਹੀਂ ਕਹਿ ਸਕਦੇ ਕਿ 'ਉਹਦੇ ਹੁਕਮ ਤੋਂ ਬਿਨਾਂ ਪੱਤਾ ਨਹੀਂ ਹਿੱਲਦਾ' ਅਤੇ ਸਾਰਾ ਸੰਸਾਰ ਉਹਦੇ ਹੁਕਮ ਅੰਦਰ ਚਲਦਾ ਹੈ? ਜੇਕਰ ਸਾਰਾ ਕੁਝ ਉਹਦੇ ਹੁਕਮ ਅੰਦਰ ਹੀ ਵਾਪਰ ਰਿਹਾ ਹੈ ਤਾਂ ਕੀ ਕੀਤੇ ਚੰਗੇ-ਮਾੜੇ ਕੰਮਾਂ ਲਈ ਜ਼ਿੰਮੇਵਾਰ ਉਹ ਆਪ ਨਹੀਂ ਹੈ? ਜੇ ਅਜਿਹਾ ਹੈ ਤਾਂ ਨਰਕ, ਚੌਰਾਸੀ ਲੱਖ ਜੂਨਾਂ ਦੇ ਚੱਕਰ ਅਤੇ ਯਮਾਂ ਦੇ ਤਸੀਹਿਆਂ ਦਾ ਡਰ ਕਿਉਂ? ਜੇਕਰ ਤੁਸੀਂ ਸਮਝਦੇ ਹੋ ਕਿ ਜਨਮ-ਮਰਨ ਰੱਬ ਦੇ ਹੱਥ ਹੈ ਤਾਂ ਕੀ ਹਸਪਤਾਲ, ਦਵਾਈਆਂ, ਡਾਕਟਰਾਂ, ਰਾਹੀਂ ਮਨੁੱਖ ਨੂੰ ਬਚਾਉਣਾ ਰੱਬ ਦੇ ਹੁਕਮ ਵਿਰੁੱਧ ਕੰਮ ਨਹੀਂ ਹੈ? ਉਹ ਆਪਣੇ ਇਨ੍ਹਾਂ ਵਿਰੋਧੀਆਂ ਨੂੰ ਖਤਮ ਕਰਨ ਜਾਂ ਸਜ਼ਾ ਦੇਣ ਦੀ ਹਿੰਮਤ ਕਿਉਂ ਨਹੀਂ ਕਰਦਾ? ਕੀ ਹੜ੍ਹ ਭੁਚਾਲ, ਸੋਕਾ, ਤੂਫ਼ਾਨ, ਸੁਨਾਮੀ ਆਦਿ ਦੀਆਂ ਘਟਨਾਵਾਂ ਲਈ ਉਹ ਹੀ ਜ਼ਿੰਮੇਵਾਰ ਹੈ? ਜੋ ਜੀਵਾਂ ਲਈ ਮੁਸ਼ਕਲਾਂ 'ਚ ਵਾਧਾ ਕਰਦੀਆਂ ਹਨ? ਜੇ ਕੋਈ ਤੁਹਾਡੇ ਜੀਵਨ ਵਿੱਚ ਮੁਸ਼ਕਲਾਂ ਪੈਦਾ ਕਰਦਾ ਹੈ, ਦੁੱਖਾਂ ਵਿੱਚ ਵਾਧਾ ਕਰਦਾ ਹੈ, ਉਸਦੇ ਬਾਰੇ ਤੁਸੀਂ ਕੀ ਸੋਚਦੇ ਹੋ? ਉਸ ਨਾਲ ਕਿਹੋ ਜਿਹਾ ਵਿਵਹਾਰ ਕਰਦੇ ਹੋ? ਕੀ ਅਜਿਹੇ ਨਿਰਦਾਈ, ਕਰੂਰ ਰੱਬ ਦੀ ਪੂਜਾ ਕਰਨੀ ਚਾਹੋਗੇ? ਇਨ੍ਹਾਂ ਸਵਾਲਾਂ ਦੇ ਜੁਆਬ ਪ੍ਰਾਪਤ ਕਰਨ ਤੋਂ ਬਾਅਦ ਯਕੀਕਨ ਤੌਰ ਤੇ ਸਿਰਫ਼ ਨਾਮ ਦਾ ਹੀ ਰੱਬ ਬਚੇਗਾ 'ਰੱਬ' ਨਹੀਂ। ਆਉ ਕੁਝ ਹੋਰ ਜਾਣੀਏ-

ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ ਕਿ ਰੱਬ ਦੇ ਨਾਮ ਬਾਰੇ ਲੋਕਾਈ ਦਾ ਇੱਕ ਟੁੱਕ ਫੈਸਲਾ ਨਹੀਂ ਹੋ ਸਕਿਆ। ਅਸਲ ਵਿੱਚ ਨਾਮ ਦਾ ਹੀ ਰੱਬ ਹੈ, ਰੱਬ ਦਾ ਕੋਈ ਨਾਮ ਨਹੀਂ ਹੈ। 'ਰੱਬ' ਸ਼ਬਦ ਨਾਲ ਸ਼ਕਤੀਆਂ ਜੋੜੀਆਂ ਗਈਆਂ ਹਨ; ਜਿਵੇਂ ਮਾਲਕ (ਵਾਰਸ) ਪਾਲਕ (ਪਾਲਕ ਵਾਲ਼ਾ) ਖ਼ਾਲਕ (ਪੈਦਾ ਕਰਨ ਵਾਲਾ) ਰਾਜ਼ਕ (ਜਾਣੀ-ਜਾਣ, ਭੇਦ ਜਾਨਣ ਵਾਲਾ) ਆਦਿ। ਇਸ ਤਰ੍ਹਾਂ ਹੀ ਮਨੁੱਖ ਦੇ ਨਾਂ ਨਾਲ ਜੁੜੇ ਸ਼ਬਦ ਵੀ ਡਾਕਟਰ,

ਇੰਜੀਨੀਅਰ, ਪਹਿਲਵਾਨ, ਬਾਦਸ਼ਾਹ ਆਦਿ ਸ਼ਕਤੀਆਂ ਦੇ ਸੂਚਕ ਹਨ। ਪ੍ਰੰਤੂ ਜੇਕਰ ਕਿਸੇ ਮਨੁੱਖ ਕੋਲ ਇਹ ਸ਼ਕਤੀਆਂ ਨਾ ਹੋਣ ਪਰ ਫਿਰ ਵੀ ਉਸ ਨੂੰ ਇਨ੍ਹਾਂ ਨਾਵਾਂ (ਵਿਸ਼ੇਸ਼ਣ) ਨਾਲ ਸੰਬੋਧਨ ਕਰੀਏ ਤਾਂ ਉਸਨੂੰ ਘਟੀਆ ਜਾਂ ਮਖੌਲ ਦੇ ਪਾਤਰ ਤੌਰ ਤੇ ਕੀਤਾ ਜਾਂਦਾ ਹੈ। ਅਜਿਹੇ ਵਿਅਕਤੀ ਨੂੰ ਨਾਲ ਹੀ ਕਾਗਜ਼ੀ ਹੋਣ ਦਾ ਖ਼ਿਤਾਬ ਦੇ ਦਿੱਤਾ ਜਾਂਦਾ ਹੈ। ਜੇਕਰ ਰੱਬ ਦੇ ਨਾਂ ਨਾਲ ਜੁੜੀਆਂ ਸ਼ਕਤੀਆਂ ਦੀ ਪੁਣਛਾਣ, ਪਰਖ-ਪੜਚੋਲ ਕਰਨ ਤੇ ਰੱਬ ਇਨ੍ਹਾਂ ਤੇ ਪੂਰਾ ਨਹੀਂ ਉਤਰਦਾ ਤਾਂ ਇਸ ਨੂੰ ਵੀ ਕਾਗਜ਼ੀ (ਪੋਥੀਆਂ, ਕਿਤਾਬਾਂ, ਗ੍ਰੰਥਾਂ) ਰੱਬ ਹੀ ਕਿਹਾ ਜਾਵੇਗਾ। ਦੂਜੇ ਸ਼ਬਦਾਂ ਵਿੱਚ ਸਿਰਫ਼ 'ਨਾਮ ਦਾ ਰੱਬ' ਕਹਿਣਾ ਪਵੇਗਾ। ਚਲੋ ਪਰਖੀਏ।

ਰੱਬ ਬਾਰੇ ਜਿਵੇਂ ਕਿਹਾ ਤੇ ਮੰਨਿਆ ਜਾਂਦਾ ਹੈ ਕਿ ਉਹ ਮਾਲਕ, ਪਾਲਕ, ਖ਼ਾਲਕ, ਰਾਜ਼ਕ ਆਦਿ ਹੈ। ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਉਸਦੀ ਸੱਤਾ ਅਧੀਨ ਰਹਿਣ ਵਾਲੇ ਲੋਕ ਭੁੱਖ, ਗਰੀਬੀ ਅਤੇ ਬੀਮਾਰੀਆਂ ਆਦਿ ਨਾਲ ਮਰ ਰਹੇ ਹਨ। ਜੇਕਰ ਰੱਬ ਸਭ ਨੂੰ ਅੰਨ ਦੇਣ ਵਾਲਾ ਹੁੰਦਾ ਤਾਂ ਸੰਸਾਰ ਤੇ ਕੋਈ ਵੀ ਜੀਵ ਭੁੱਖਾ ਨਾ ਮਰਦਾ। ਪ੍ਰਚਾਰ ਤਾਂ ਇਹ ਕੀਤਾ ਜਾਂਦਾ ਹੈ ਕਿ ਉਹ ਦਾਤਾਂ ਵੰਡਦਾ ਨਹੀਂ ਥੱਕਦਾ, ਉਸਦੇ ਭੰਡਾਰੇ ਅਮੁੱਕ ਹਨ। ਪਰ ਹੋ ਇਸ ਤੋਂ ਉਲਟ ਰਿਹਾ ਹੈ। ਸਾਰੀਆਂ ਲੋੜਾਂ ਤਾਂ ਕੀ ਪੂਰੀਆਂ ਹੋਣੀਆਂ ਮੁੱਢਲੀ ਲੋੜ 'ਭੁੱਖ' ਵੀ ਤ੍ਰਿਪਤ ਨਹੀਂ ਹੋ ਰਹੀ। ਜੇਕਰ ਰੱਬ ਮਾਲਕ, ਪਾਲਕ, ਰਾਜ਼ਕ ਆਦਿ ਹੁੰਦਾ ਤਾਂ ਜ਼ਿੰਦਗੀ ਦੀਆਂ ਘੱਟ-ਘੱਟ ਮੁੱਢਲੀਆਂ ਲੋੜਾਂ (ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ) ਸਭ ਦੀਆਂ ਪੂਰੀਆਂ ਹੋ ਗਈਆਂ ਹੁੰਦੀਆਂ। ਪਰ ਅਜਿਹਾ ਨਹੀਂ ਹੈ। ਹੁਣ ਤਾਂ ਸਾਫ਼ ਹਵਾ ਅਤੇ ਪੀਣ ਵਾਲਾ ਪਾਣੀ ਵੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਪ੍ਰੰਤੂ ਰੱਬ ਇਸ ਬਾਰੇ ਕੁਝ ਵੀ ਨਹੀਂ ਕਰ ਰਿਹਾ। ਇਸੇ ਕਰਕੇ ਕਿ ਉਹ ਸਰਵ-ਸ਼ਕਤੀਮਾਨ ਹੈ।

ਸਾਰੇ ਜਾਣਦੇ ਹਨ, ਹਰ ਕੋਈ ਆਪਣੀ ਚੀਜ਼ ਦੀ ਸੰਭਾਲ ਕਰਦਾ ਹੈ। ਪ੍ਰੰਤੂ ਰੱਬ ਆਪਣੀ ਬਣਾਈ ਖ਼ਲਕਤ ਦੇ ਦਰਪੇਸ਼ ਮੁਸ਼ਕਲਾਂ ਦਾ ਕੋਈ ਹੱਲ ਨਹੀਂ ਕਰ ਰਿਹਾ। ਸਗੋਂ ਹਰ ਸਾਲ ਮੁਸੀਬਤਾਂ ਵੱਧ ਰਹੀਆਂ ਹਨ। ਉਂਝ ਰੱਬ ਬਾਰੇ ਮੰਨਿਆਂ ਜਾਂਦਾ ਹੈ ਕਿ ਉਹ ਸ੍ਰਿਸ਼ਟੀ ਦਾ ਸਿਰਜਕ ਤੇ ਮਾਲਕ ਹੈ। ਅਗਰ ਹੈ ਤਾਂ ਸ੍ਰਿਸ਼ਟੀ ਦਾ ਨਾਸ਼ ਕਰਨ ਵਾਲੀਆਂ ਚੀਜ਼ਾਂ ਸ਼ਕਤੀਆਂ, ਹੜ, ਹਨ੍ਹੇਰੀ ਤੂਫ਼ਾਨ, ਅਕਾਸ਼ੀ ਬਿਜਲੀ, ਆਦਿ ਕਿਵੇਂ ਉਹਦੇ ਹੁਕਮ ਤੋਂ ਬਾਹਰ ਹੋ ਕੇ ਉਸਦੇ ਜੀਵਾਂ ਨੂੰ ਤੜਫਾਉਂਦੀਆਂ, ਤਬਾਹੀ ਮਚਾਉਂਦੀਆਂ ਹਨ। ਪਰ ਹੁਣ ਤੱਕ ਉਹ ਇਨ੍ਹਾਂ ਦਾ ਕੋਈ ਵੀ ਪੱਕਾ ਹੱਲ ਨਹੀਂ ਕਰ ਸਕਿਆ।

ਰੱਬ ਬਾਰੇ ਕਿਹਾ ਜਾਂਦਾ ਹੈ ਕਿ ਉਹ ਹਰ ਮਨੁੱਖ ਨੂੰ ਉਸਦੇ ਕੀਤੇ ਮਾੜੇ ਕਰਮਾਂ ਦੀ ਸਜ਼ਾ ਅਗਲੇ ਜਨਮ ਵਿੱਚ ਦਿੰਦਾ ਹੈ। ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਰੱਬ ਨਿਆਂਕਾਰੀ ਨਹੀਂ, ਸਗੋਂ ਸਾਡੇ ਜੱਜਾਂ ਤੋਂ ਵੀ ਘਟੀਆ ਕਿਸਮ ਦਾ ਜੱਜ ਹੈ ਜੋ ਕਿ ਸਜ਼ਾ

ਇੰਨੀ ਲੇਟ ਦਿੰਦਾ ਹੈ। ਰੱਬ, ਮਨੁੱਖ ਦੇ ਸਾਰੇ ਜੀਵਨ ਵਿੱਚ ਇੱਕ ਵਾਰ ਵੀ ਉਹਦੇ ਕੀਤੇ ਬੁਰੇ ਕੰਮਾਂ ਪ੍ਰਤੀ ਉਸਦੀ ਸੁਣਵਾਈ ਤੱਕ ਨਹੀਂ ਕਰਦਾ। ਇਸ ਲਈ ਨਿਆਂਕਾਰੀ ਵੀ ਨਹੀਂ ਕਿਹਾ ਜਾ ਸਕਦਾ।

ਰੱਬ ਦੇ ਸੰਬੰਧ ਵਿੱਚ ਇਹ ਵੀ ਮੰਨਿਆਂ ਤੇ ਕਿਹਾ ਜਾਂਦਾ ਕਿ ਉਸਦੇ ਅੱਗੇ ਸੱਚੇ ਦਿਲੋਂ ਕੀਤੀ ਅਰਦਾਸ ਅਜਾਈਂ ਨਹੀਂ ਜਾਂਦੀ। ਉਸ ਦੇ ਦਰ ਤੇ ਸੁਣੀ ਜਾਂਦੀ ਹੈ, ਮਨਜ਼ੂਰ ਕੀਤੀ ਜਾਂਦੀ ਹੈ। ਕੀ ਕੋਈ ਦੁੱਖੀ ਵਿਅਕਤੀ ਝੂਠੇ ਦਿਲੋਂ ਵੀ ਅਰਦਾਸ, ਬੇਨਤੀ ਕਰਦਾ ਹੈ? ਜਦੋਂ ਕਿਸੇ ਨੂੰ ਕੋਈ ਦੁੱਖ-ਤਕਲੀਫ਼ ਹੁੰਦੀ ਹੈ ਤਦ ਹੀ ਉਹ ਹੱਥ ਜੋੜ ਕੇ ਫਰਿਆਦ ਕਰਦਾ ਹੈ। ਫਿਰ ਉਸ ਦੀ ਅਰਦਾਸ ਨਾ-ਮਨਜ਼ੂਰ ਹੋਣ, ਕੰਮ ਨਾ ਹੋਣ ਦਾ ਸਵਾਲ ਹੀ ਨਹੀਂ ਉੱਠਣਾ ਚਾਹੀਦਾ। ਪ੍ਰੰਤੂ ਅਗਰ ਮਸਲਾ ਹੱਲ ਨਾ ਹੋਵੇ। ਫਿਰ ਕਹਿ ਦਿੱਤਾ ਜਾਂਦਾ ਹੈ, ਉਹਦੇ (ਰੱਬ) ਘਰ ਦੇਰ ਹੈ ਅੰਧੇਰ ਨਹੀਂ। ਮੰਨਿਆਂ ਜਾਵੇ, ਕਿਸੇ ਦਫ਼ਤਰ ਵਿੱਚ ਲੱਗੇ ਫਾਈਲਾਂ ਦੇ ਢੇਰ ਵਾਂਗੂੰ ਇੱਥੇ ਵੀ ਲਾਰਾ ਲਾ ਦਿੱਤਾ ਜਾਂਦਾ ਹੈ। ਜਿਵੇਂ ਧਰਮ ਰਾਜ ਛੁੱਟੀ ਗਿਆ ਹੋਵੇ ਜਾਂ ਰੱਬ ਬਿਮਾਰ ਹੋਵੇ। ਜਦੋਂ ਹਕੀਕਤ ਵਿੱਚ ਅਜਿਹਾ ਹੁੰਦਾ ਦੇਖਦੇ ਹਾਂ। ਫਿਰ ਉਸਨੂੰ ਅੰਤਰਜਾਮੀ, ਦਿਆਲੂ, ਸਰਵਸ਼ਕਤੀਮਾਨ ਨਹੀਂ ਮੰਨਿਆਂ ਜਾ ਸਕਦਾ।

ਰੱਬ ਨੂੰ ਸ਼੍ਰਿਸ਼ਟੀ ਦਾ ਸਿਰਜਕ ਵੀ ਕਿਹਾ ਜਾਂਦਾ ਹੈ। ਪ੍ਰੰਤੂ ਜੇਕਰ ਰੱਬ ਸਵੈ-ਉਤਪੰਨ ਹੋਣ ਵਾਲਾ, ਸਦੀਵੀ, ਸਰਵ-ਵਿਆਪੀ ਤੇ ਨਿਰੰਕਾਰ ਹੈ ਤਾਂ ਫਿਰ ਉਸਨੂੰ ਸ਼੍ਰਿਸ਼ਟੀ ਰਚਣ ਦੀ ਕੀ ਲੋੜ ਪੈ ਗਈ ਸੀ? ਜੇਕਰ ਅਣਹੋਂਦ ਤੋਂ ਬਗੈਰ ਹੋਰ ਕੁਝ ਵੀ ਨਹੀਂ ਸੀ, ਸਿਰਫ਼ ਰੱਬ ਹੀ ਸੀ ਤਾਂ ਨਿਰ-ਆਕਾਰ ਰੱਬ ਨੇ ਆਪਣੇ-ਆਪ 'ਚੋਂ ਅਣੂ ਤੋਂ ਲੈ ਕੇ ਵੱਡੇ ਤੋਂ ਵੱਡੇ ਆਕਾਰ ਵਾਲੀ ਸ਼੍ਰਿਸ਼ਟੀ ਨੂੰ ਕਿਵੇਂ ਉਤਪੰਨ ਕੀਤਾ? ਸਿਫ਼ਰ ਵਿੱਚੋਂ ਇੱਕ ਕਿਵੇਂ ਪੈਦਾ ਹੋ ਸਕਦਾ ਹੈ? ਜੇਕਰ ਸ਼੍ਰਿਸ਼ਟੀ ਰਚਨਾ ਰੱਬ ਦਾ ਅਹਿਮ ਕਾਰਨ ਸੀ ਫਿਰ ਇਸ ਦਾ ਮੰਤਵ ਕੀ ਸੀ? ਬਿਨਾਂ ਮਕਸਦ ਤੋਂ ਰਚਨਾ ਕਰਨ ਦਾ ਅਰਥ ਬਗੈਰ ਮਨੌਤ (ਮਿੱਥ) ਤੋਂ ਹੋਰ ਕੁਝ ਨਹੀਂ ਹੋ ਸਕਦਾ।

ਪ੍ਰੰਤੂ ਰੱਬ ਦਾ ਕੋਈ ਵਿਸ਼ੇਸ਼ ਨਿਯਮ ਦਿਖਾਈ ਨਹੀਂ ਦਿੰਦਾ, ਜੋ ਪ੍ਰਕ੍ਰਿਤਕ ਨਿਯਮਾਂ ਤੋਂ ਵੱਖਰਾ ਕੰਮ ਕਰਦਾ ਹੋਵੇ ਅਤੇ ਰੱਬ ਦੇ ਸ਼੍ਰਿਸ਼ਟੀ ਸਿਰਜਕ ਹੋਣ ਦਾ ਸਬੂਤ, ਸੰਕੇਤ ਬਣਦਾ ਹੋਵੇ। ਜਦੋਂ ਕਿ ਇਸ ਸਮੁੱਚੇ ਪਦਾਰਥਵਾਦੀ ਸੰਸਾਰ ਦੇ ਆਪਣੇ ਬੁਨਿਆਦੀ ਨਿਯਮ ਹਨ। ਜਿਨ੍ਹਾਂ ਅਨੁਸਾਰ ਸਮੁੱਚਾ ਸੰਸਾਰ ਚਲਦਾ ਆ ਰਿਹਾ ਹੈ। ਰੱਬ ਦੇ ਹੁਕਮ ਤੋਂ ਬਿਨਾਂ ਅਜ਼ਾਦ, ਅਦਿੱਖ ਸੂਖ਼ਮ ਕਣ, ਸਮਾਂ, ਪਦਾਰਥ ਪੁਲਾੜ ਵਿੱਚ ਆਪਣੇ ਨਿਯਮਾਂ ਅਨੁਸਾਰ ਚਲਦੇ ਆ ਰਹੇ ਹਨ। ਪੁਲਾੜ ਅੰਦਰ ਭੌਤਿਕ ਨਿਯਮ ਤੇ ਪ੍ਰਕ੍ਰਿਤਕ ਸ਼ਕਤੀਆਂ ਅਸੀਮ ਤੌਰ 'ਤੇ ਕਾਰਜ ਕਰਦੀਆਂ ਹਨ। ਚਾਰ ਬੁਨਿਆਦੀ ਪ੍ਰਕ੍ਰਿਤਕ ਸ਼ਕਤੀਆਂ ਮੌਜੂਦ ਹਨ; ਜੋ ਗਤੀ ਦਾ ਵੇਗ ਹਨ ਜਿਵੇਂ: 1. ਗੁਰੂਤਾ ਖਿੱਚ ਤੇ ਧੱਕ 2.

ਇਲੈਕਟ੍ਰੋਮੈਗਨੈਟਿਕ ਸ਼ਕਤੀ 3. ਨਿਊਕਲੀਅਸ ਅੰਦਰਲੀ ਸ਼ਕਤੀਸ਼ਾਲੀ ਤਾਕਤ 4. ਨਿਊਕਲੀਅਸ ਅੰਦਰਲੀ ਕਮਜ਼ੋਰ ਸ਼ਕਤੀ।

ਪੁਲਾੜ ਅੰਦਰ ਉਪਰੋਕਤ ਚਾਰੇ ਸ਼ਕਤੀਆਂ ਕਾਰਨ ਸਮੁੱਚਾ ਬਾਰੀ ਸੰਸਾਰ ਗਤੀਮਾਨ ਹੈ। ਕੋਈ ਵੀ ਚੀਜ਼ ਖੜੋਤ ਵਿੱਚ ਨਹੀਂ ਹੈ। ਗਰੂਤਾ ਖਿੱਚ ਤੇ ਧੱਕ ਵਿਰੋਧੀ ਪਹਿਲੂ ਹਨ ਜਿਵੇਂ ਨੈਗੇਟਿਵ ਤੇ ਪਾਜੇਟਿਵ। ਪੁਲਾੜ ਅੰਦਰ ਖਿੱਚ ਤੇ ਧੱਕ ਕਾਰਨ ਸੂਰਜ, ਸਿਤਾਰੇ, ਧਰਤੀਆਂ ਤੇ ਗਲੈਕਸੀਆਂ, ਅਕਾਸ਼-ਗੰਗਾਵਾਂ ਆਦਿ ਇੱਕ ਦੂਸਰੇ ਨਾਲ ਜੁੜੇ ਹੋਏ ਹਨ। ਵਿਰੋਧੀ ਸ਼ਕਤੀਆਂ ਲਈ ਤਾਰੇ ਸੰਘਰਸ਼ ਦਾ ਖੇਤਰ ਹਨ ਜਿਵੇਂ ਖਿੱਚ ਤਾਰਿਆਂ ਨੂੰ ਇੱਕ-ਦੂਜੇ ਦੇ ਨੇੜੇ ਖਿੱਚਦੀ ਹੈ। ਪ੍ਰੰਤੂ ਧੱਕ ਸ਼ਕਤੀ ਉਨ੍ਹਾਂ ਅੰਦਰ ਲੱਖਾਂ-ਅਰਬਾਂ ਕਿਲੋਮੀਟਰ ਦੂਰੀ ਬਣਾਈ ਰੱਖਦੀ ਹੈ। ਪੁਲਾੜ ਅੰਦਰ ਕੋਈ ਵੀ ਚੀਜ਼ ਪਿਛਾਂਹ, ਭੂਤਕਾਲ ਵੱਲ ਧੱਕੀ ਨਹੀਂ ਜਾ ਸਕਦੀ। ਸਮਾਂ ਹਮੇਸ਼ਾ ਭੂਤਕਾਲ ਤੋਂ ਭਵਿੱਖ ਵੱਲ ਤੀਰ ਦੀ ਤਰ੍ਹਾਂ ਚੱਲਦਾ ਹੈ। ਇਸ ਲਈ ਸਮਾਂ ਤੇ ਪਦਾਰਥ ਅੰਦਰ ਵਿਆਪਕਤਾ, ਸਦੀਵਤਾ, ਅਸੀਮਤਾ ਦਾ ਗੁਣ ਹੈ। ਉਹ ਨਾ ਪੈਦਾ ਹੋਣ ਵਾਲੇ ਅਤੇ ਨਾ ਤਬਾਹ ਹੋਣ ਵਾਲੇ ਹਨ। ਹਰ ਚੀਜ਼ ਉਤਪੰਨ ਹੁੰਦੀ, ਵਿਕਾਸ ਕਰਦੀ ਅਤੇ ਖ਼ਤਮ ਹੁੰਦੀ ਹੋਈ ਰੂਪ ਤਬਦੀਲ ਕਰਦੀ ਹੈ। ਪ੍ਰਕ੍ਰਿਤਕ ਨਿਯਮਾਂ ਅਨੁਸਾਰ ਇੱਕ ਘਟਨਾ ਦੂਜੀ ਘਟਨਾ ਦੇ ਵਾਪਰਨ ਦੇ ਕਾਰਨ ਹੁੰਦੀ ਹੈ। ਪੁਲਾੜ ਅੰਦਰ ਸਮੇਂ ਦੇ ਸਦੀਵੀ ਵੇਗ ਵਿੱਚ ਪਦਾਰਥ ਤੇ ਗਤੀ ਇੱਕ ਦੂਜੇ ਦਾ ਘਟਨਾ ਚੱਕਰ ਹਨ। ਇਸ ਤਰ੍ਹਾਂ ਵਿਰੋਧੀ ਪਹਿਲੂ ਆਪਸ ਵਿੱਚ ਏਕਤਾ ਅਤੇ ਸੰਘਰਸ਼ ਦਾ ਰਿਸ਼ਤਾ ਬਣਾਉਂਦੇ ਹੋਏ, ਇੱਕ ਦੂਜੇ ਦੀ ਹੋਂਦ ਨਿਰਧਾਰਤ ਕਰਦੇ ਹਨ। ਸੋ ਇਨ੍ਹਾਂ ਦੀ ਹੋਂਦ ਸਦੀਵੀ ਹੈ। ਸਮੁੱਚੇ ਸੰਸਾਰ ਲਈ ਉਤਪੰਨ ਹੋਣ ਦਾ ਕੋਈ ਕਾਰਨ ਨਹੀਂ ਬਣਦਾ ਤੇ ਨਾ ਹੀ ਉਸਦੇ ਨਸ਼ਟ ਜਾਂ ਅਲੋਪ ਹੋਣ ਦਾ ਕਾਰਨ ਬਣਦਾ ਹੈ। ਇਸ ਲਈ ਪੁਲਾੜ ਦੀ ਸੱਤਾ ਪ੍ਰਮੁੱਖ ਅਤੇ ਸਦੀਵੀ ਹੈ ਤਾਂ ਫਿਰ ਰੱਬ ਨੂੰ ਇਸਦੀ ਉਤਪਤੀ ਦੀ ਲੋੜ ਨਹੀਂ, ਉਲਟਾ ਰੱਬ ਪਦਾਰਥ ਦੀ ਸਤ੍ਹਾ ਦੇ ਅਧੀਨ ਨਿਰਮੂਲ ਚੀਜ਼ (ਨਾਮ ਦਾ ਰੱਬ) ਬਣ ਜਾਂਦਾ ਹੈ।

ਉਪਰੋਕਤ ਤੋਂ ਸਮਝਿਆ ਜਾ ਸਕਦਾ ਹੈ। ਸ਼੍ਰਿਸ਼ਟੀ ਕਿਸੇ ਗੈਬੀ/ਰੱਬੀ ਸ਼ਕਤੀ ਨਾਲ ਹੋਂਦ ਵਿੱਚ ਨਹੀਂ ਆਈ ਸਗੋਂ ਸ਼੍ਰਿਸ਼ਟੀ, ਸਦੀਵੀ, ਅਸੀਮ ਅਤੇ ਤਬਦੀਲੀ ਯੁਕਤ ਹੈ। ਇਸ ਨੂੰ ਨਾ ਪੈਦਾ ਕੀਤਾ ਜਾ ਸਕਦਾ ਹੈ ਅਤੇ ਨਾ ਨਸ਼ਟ ਕੀਤਾ ਜਾ ਸਕਦਾ ਹੈ। ਸ਼੍ਰਿਸ਼ਟੀ ਆਪਣੇ ਬੁਨਿਆਦੀ ਵਿਰੋਧ-ਵਿਕਾਸ ਸਿਧਾਂਤ ਅਨੁਸਾਰ ਚਲਦੀ ਹੈ। ਸ਼੍ਰਿਸ਼ਟੀ ਦੇ ਸਿਰਜਕ, ਰੱਬ, ਧਰਮ ਦਾ ਫਲਸਫ਼ਾ ਸਿਰਫ਼ ਮਨੁੱਖੀ ਮਨ ਦੀ ਕਲਪਿਤ ਉਪਜ ਹੈ।

ਉਪਰੋਕਤ ਵਰਨਣ ਤੋਂ ਜਾਣ ਗਏ ਹਾਂ ਕਿ ਉਹ ਮਾਲਕ, ਪਾਲਕ, ਖ਼ਾਲਕ, ਰਾਜ਼ਕ ਦੇ ਰੋਲ ਹਕੀਕਤ ਵਿੱਚ ਨਿਭਾਉਣ 'ਚ ਸਫ਼ਲ ਨਹੀਂ ਹੈ। ਇਸ ਲਈ ਕਹਿਣਾ ਹੀ ਨਹੀਂ ਸਗੋਂ ਮੰਨਣਾ ਪਵੇਗਾ ਕਿ ਸਰਵ-ਸ਼ਕਤੀਮਾਨ, ਦਿਆਲੂ, ਸਰਵ-ਵਿਆਪੀ,

ਪਾਲਣਹਾਰ, ਪੈਦਾ ਕਰਨ ਵਾਲਾ ਸ਼੍ਰਿਸ਼ਟੀ ਦਾ ਸਿਰਜਣਹਾਰ ਆਦਿ ਰੱਬ ਦੇ ਕਲਪਿਤ ਗੁਣ ਹਨ। ਸਾਰਾ ਸੰਸਾਰ ਗਰਮੀ, ਸਰਦੀ, ਬਿਮਾਰੀਆਂ, ਹੜ੍ਹ, ਸੋਕਾ ਅਤੇ ਇਸ ਤਰ੍ਹਾਂ ਦੇ ਦੁੱਖਾਂ- ਮੁਸ਼ਕਲਾਂ ਵਿੱਚ ਘਿਰਿਆ ਹੋਇਆ, ਤੜਫ਼ ਰਿਹਾ ਹੈ। ਪ੍ਰੰਤੂ ਜੇਕਰ ਰੱਬ ਗੁਣਵਾਨ, ਸਰਬ-ਸੰਪੰਨ ਸ਼ਕਤੀਆਂ ਦਾ ਮਾਲਕ ਹੁੰਦਾ ਤਾਂ ਲੋਕਾਂ ਨੂੰ ਦੁੱਖਾਂ ਤੋਂ ਛੁਟਕਾਰਾ ਦਿਵਾ ਸੁਕਦਾ ਸੀ। ਪ੍ਰੰਤੂ ਉਸਦੀਆਂ ਸ਼ਕਤੀਆਂ, ਕਰਾਮਾਤਾਂ, ਸਿਰਫ਼ ਤਾਂ ਸਿਰਫ਼ ਧਾਰਮਿਕ ਗ੍ਰੰਥਾਂ, ਕਿਤਾਬਾਂ, ਪੋਥੀਆਂ ਦੇ ਪੰਨਿਆਂ (ਕਾਗਜ਼ਾਂ) ਤੇ ਹੀ ਕਾਰਜਸ਼ੀਲ ਹਨ। ਹਕੀਕਤ ਵਿੱਚ ਸਿੱਧ ਨਹੀਂ ਹੁੰਦੀਆਂ। ਰੱਬ ਦਾ ਵਜੂਦ ਸ਼ਕਤੀਆਂ ਦੇ ਸਹਾਰੇ ਹੀ ਟਿਕਾਇਆ ਹੋਇਆ ਹੈ। ਪ੍ਰੰਤੂ ਜਦੋਂ ਰੱਬ ਦੇ ਗੁਣ, ਸ਼ਕਤੀਆਂ ਹੀ ਖੰਡਤ ਹੋ ਗਏ ਹਨ ਤਾਂ ਫਿਰ ਉਸਦਾ ਵਜੂਦ ਵੀ ਕਿੱਥੇ ਰਹਿ ਗਿਆ ਹੈ? ਇਸ ਲਈ ਸਪੱਸ਼ਟ ਕਿਹਾ ਜਾਵੇਗਾ। 'ਰੱਬ ਦਾ ਨਾਮ' ਨਹੀਂ ਅਸਲ 'ਚ ਰੱਬ ਹੈ ਹੀ ਨਹੀਂ, ਸਿਰਫ਼ 'ਕਾਗਜ਼ੀ ਰੱਬ' ਹੈ 'ਨਾਮ ਦਾ ਰੱਬ'।

ਨਾਮ ਦੀ ਕਮਾਈ

'ਨਾਮ ਦੀ ਕਮਾਈ' ਅਤੇ ਨਾਮ ਕਮਾਉਣ ਦਾ ਅਰਥ ਹੈ ਨਾਂ ਪੈਦਾ ਕਰਨਾ, ਪ੍ਰਸਿੱਧ ਹੋਣਾ ਅਤੇ ਜੱਸ ਖੱਟਣਾ ਹੈ। ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿੱਚ (ਉਸਾਰੂ ਸੋਚ ਵਾਲੇ, ਲੋਕ ਪੱਖੀ) ਵਿਸ਼ੇਸ਼ ਕੰਮ ਕਰਕੇ 'ਨਾਮ ਕਮਾਇਆ', ਜੱਸ ਖੱਟਿਆ ਤੇ ਪ੍ਰਸਿੱਧ ਹੋਇਆ ਜਾ ਸਕਦਾ ਹੈ। ਇੰਝ ਨਾਮਵਰ ਬਣੇ ਵਿਅਕਤੀਆਂ ਨੂੰ ਆਦਰ-ਸਤਿਕਾਰ ਸਹਿਤ ਯਾਦ ਕੀਤਾ ਜਾਂਦਾ ਹੈ। ਉਨ੍ਹਾਂ (ਦੀ ਵਿਚਾਰਧਾਰਾ) ਨੂੰ ਪ੍ਰੇਰਨਾ ਸ੍ਰੋਤ ਮੰਨ ਕੇ, ਹੋਰ ਲੋਕ ਵੀ ਸਹੀ, ਸੱਚੇ-ਸੁੱਚੇ, ਲੋਕ-ਪੱਖੀ, ਸਰਬੱਤ ਦੇ ਭਲੇ ਵਾਲੇ ਵਿਚਾਰਾਂ ਤੇ ਅਮਲ ਕਰਦੇ ਹੋਏ ਅੱਗੇ ਵੱਧਦੇ ਹਨ, ਨਾਂ ਪੈਦਾ ਕਰਦੇ ਹਨ। ਆਪਣੀ ਜ਼ਿੰਦਗੀ ਦੇ ਨਵੇਂ ਤਜਰਬਿਆਂ ਨਾਲ ਜੂਝਦੇ ਹੋਏ ਨਵੀਆਂ ਪ੍ਰਾਪਤੀਆਂ ਕਰਕੇ, ਅਗਲੀ ਪੀੜ੍ਹੀ ਲਈ ਰਾਹ ਦਸੇਰਾ ਬਣ ਕੇ ਜੱਸ ਖੱਟਦੇ ਹਨ। ਜਿਹੜੇ ਲੋਕ ਲਕੀਰ ਦੇ ਫ਼ਕੀਰ ਬਣ ਕੇ ਲਾਈਲੱਗ ਮਾਨਸਿਕਤਾ ਨੂੰ ਅਪਣਾਈ ਰੱਖਦੇ ਹਨ, ਉਨ੍ਹਾਂ ਨੂੰ ਹੋਰ ਕਿਸੇ ਨੇ ਤਾਂ ਕੀ ਯਾਦ ਕਰਨਾ, ਉਨ੍ਹਾਂ ਦੀ ਆਪਣੀ, ਅਗਲੀ ਪੀੜ੍ਹੀ ਹੀ ਭੁੱਲ ਜਾਂਦੀ ਹੈ। ਬਹੁਤਿਆਂ ਨੂੰ ਆਪਣੇ ਮਰੇ ਹੋਏ ਬਾਬੇ ਦਾ ਨਾਂ ਤੱਕ ਯਾਦ ਨਹੀਂ ਹੁੰਦਾ, ਤਜ਼ਰਬਾ ਕਰਕੇ ਦੇਖ ਲੈਣਾ। ਸਿਰਫ਼ ਉਹ ਲੋਕ ਹੀ ਸਭ ਦੇ ਦਿਲਾਂ 'ਚ ਸਨਮਾਨ ਸਹਿਤ ਵਾਸ ਕਰਦੇ ਹਨ ਜੋ ਆਪਣੀ ਜ਼ਿੰਦਗੀ ਲੋਕ ਹਿੱਤ ਵਿੱਚ ਜੀਅ ਕੇ, ਸੱਚੇ-ਨਾਮ ਦੀ ਕਮਾਈ ਕਰ ਜਾਂਦੇ ਹਨ।

ਪ੍ਰੰਤੂ ਹੁਣ 'ਨਾਮ ਦੀ ਕਮਾਈ' ਦੇ ਅਰਥ ਹੀ ਬਦਲ ਦਿੱਤੇ ਗਏ ਹਨ। ਮਾੜੇ, ਬੁਰੇ ਕੰਮ ਕਰਕੇ ਬਦਨਾਮ ਹੋ ਰਹੇ, ਚਰਚਾ ਵਿੱਚ ਆ ਰਹੇ ਲੋਕ ਇਸ ਅਪ-ਜੱਸ ਨੂੰ ਵੀ 'ਨਾਮ ਦੀ ਕਮਾਈ' ਸਮਝ ਰਹੇ ਹਨ। ਹੋਰਨਾਂ ਦੀ ਸੋਚ ਸਮਝ ਵੀ ਇਸ ਤਰ੍ਹਾਂ ਦੀ ਬਣਾਈ ਜਾ ਰਹੀ ਹੈ। ਆਮ ਲੋਕਾਂ ਨੂੰ ਫ਼ੈਸਲਾ ਕਰਨਾ ਔਖਾ ਹੋ ਰਿਹਾ ਹੈ ਕਿ ਕਿਹੜੀ 'ਨਾਮ ਦੀ ਕਮਾਈ' ਹੈ ਜਾਂ ਕਿਹੜੀ 'ਬਦਨਾਮ' ਦੀ। ਅੱਜ ਸਮਾਂ ਅਜਿਹਾ ਹੈ ਜਿਸ ਨੂੰ ਧਨ ਯੁੱਗ ਕਿਹਾ ਹੀ ਨਹੀਂ, ਮੰਨਿਆ ਜਾ ਰਿਹਾ ਹੈ। ਹਰ ਪਾਸੇ ਪੈਸਾ ਹੀ ਪ੍ਰਧਾਨ ਹੋ ਗਿਆ ਹੈ। ਰਿਸ਼ਤੇ-ਨਾਤੇ ਵੀ ਰੁਪਈਆਂ ਨਾਲ ਤੋਲੇ, ਮਿਣੇ ਜਾ ਰਹੇ ਹਨ। ਖ਼ੂਨ ਦੇ ਰਿਸ਼ਤਿਆਂ ਦਾ ਨਿੱਘ ਹਵਾ ਹੋ ਗਿਆ ਹੈ। ਇਸ ਲਈ ਹੁਣ 'ਬਾਪ ਬਾੜ ਨਾ ਭਈਆ, ਸਭ ਸੇ ਬੜਾ ਰੁਪਈਆ' ਦੀ ਕਹਾਵਤ ਸੱਚ ਹੋ ਗਈ ਹੈ। ਸਿਰਫ਼ ਪੈਸੇ ਕਰਕੇ ਮਾੜੇ, ਬੁਰੇ, ਭ੍ਰਿਸ਼ਟ, ਚੋਰ, ਲੁਟੇਰੇ, ਠੱਗ, ਕਾਤਲ, ਬਲਾਤਕਾਰੀ, ਗੁੰਡੇ ਵਿਅਕਤੀਆਂ ਦੇ ਗਲ਼ੇ ਵਿੱਚ ਵੀ ਫੁੱਲਾਂ ਦੇ ਹਾਰ ਪਾਏ ਜਾ ਰਹੇ ਹਨ। ਜਿਸ ਨੂੰ ਜੇਲ੍ਹ ਦੀ ਕੋਠੜੀ 'ਚ ਬੰਦ ਹੋਣਾ ਚਾਹੀਦਾ ਸੀ, ਉਹ ਸਨਮਾਨ ਸਮਾਰੋਹ ਦੀ ਪ੍ਰਧਾਨਗੀ ਕਰ ਰਿਹਾ ਹੁੰਦਾ ਹੈ। ਇੱਕ ਪਾਸੇ ਕਚਿਹਰੀਆਂ ਵਿੱਚ ਤਰੀਕਾਂ ਪੈਂਦੀਆਂ ਹਨ ਦੂਜੇ ਬੰਨ੍ਹੇ ਉਹ ਲੋਕ ਕਾਨੂੰਨ ਘਾੜੇ ਅਤੇ ਲਾਗੂ ਕਰਵਾਉਣ ਵਾਲੇ ਬਣੇ ਹੋਏ ਹਨ। ਕੀ ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਕਾਨੂੰਨ ਆਮ ਲੋਕਾਂ ਦੇ ਹਿੱਤ ਪੂਰ ਸਕਦਾ ਹੈ। ਅਜਿਹੇ ਲੋਕਾਂ ਨੂੰ ਸਜ਼ਾਵਾਂ ਦੇ ਸਕਦਾ ਹੈ? ਬਿਲਕੁੱਲ ਵੀ ਨਹੀਂ। ਇਸ

ਦਾ ਹੀ ਸਿੱਟਾ ਹੈ ਕਿ ਮੌਜੂਦਾ ਦੌਰ ਵਿੱਚ ਅਤੇ ਪਹਿਲਾਂ ਵੀ ਹੱਕ-ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਤੋਂ ਲੋਕ ਪਾਸਾ ਹੀ ਵੱਟਦੇ ਰਹੇ ਹਨ। ਬਹੁ-ਗਿਣਤੀ ਪੱਕੀਆਂ-ਪਕਾਈਆਂ ਖਾਣ ਦੀ ਆਦੀ ਹੈ।' ਪ੍ਰੰਤੂ ਥਾਂ-ਥਾਂ ਤੇ ਬਦਨਾਮ, ਬੇ-ਇੱਜ਼ਤ ਹੋ ਰਹੇ ਲੋਕ, ਇਸ ਨੂੰ ਵੀ 'ਨਾਮ' ਦੀ ਕਮਾਈ ਦੇ ਤੌਰ 'ਤੇ ਸਮਝ ਅਤੇ ਪੇਸ਼ ਕਰ ਰਹੇ ਹਨ।

ਇੱਥੇ ਇੱਕ ਘਟਨਾ/ਕਹਾਣੀ ਦਾ ਜ਼ਿਕਰ ਕਰਦੇ ਹਾਂ। ਇੱਕ ਜੋਤਸ਼ੀ/ਪੰਡਤ ਕੋਲ ਇੱਕ ਵਿਅਕਤੀ ਜਾ ਕੇ ਕਹਿੰਦਾ ਕਿ ਮੈਂ ਪ੍ਰਸਿੱਧ ਹੋਣਾ, ਨਾਮ ਕਮਾਉਣਾ ਚਾਹੁੰਦਾ ਹਾਂ। ਮੈਨੂੰ ਇਸ ਦਾ ਕੋਈ ਮੰਤਰ ਦੱਸੋ? ਪੰਡਤ ਨੇ ਕਿਹਾ ਕਿ ਦੋ ਤਰ੍ਹਾਂ ਨਾਲ ਮਸ਼ਹੂਰ ਹੋਇਆ ਜਾ ਸਕਦਾ ਹੈ। ਇੱਕ ਤਾਂ ਚੰਗੇ ਕੰਮ ਕਰਕੇ ਤੇ ਦੂਜਾ ਮਾੜੇ-ਬੁਰੇ ਕੰਮ ਕਰਕੇ। ਪ੍ਰੰਤੂ ਚੰਗੇ ਕੰਮ ਕਰਨ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ ਅਤੇ ਇਸ ਤਰ੍ਹਾਂ ਪ੍ਰਸਿੱਧ ਹੋਣ ਲਈ ਸਮਾਂ ਵੀ ਵੱਧ ਲੱਗਦਾ ਹੈ। ਪਰ ਮਾੜੇ ਕੰਮਾਂ ਨਾਲ ਛੇਤੀ ਹੀ ਚਰਚਾ ਵਿੱਚ ਆਇਆ ਜਾ ਸਕਦਾ ਹੈ। ਜਿਸ ਲਈ ਬਹੁਤਾ ਤਰੱਦਦ ਨਹੀਂ ਕਰਨਾ ਪੈਂਦਾ। ਕਹਿੰਦੇ ਹਨ ਕਿ ਉਹ ਵਿਅਕਤੀ ਨੇ ਇਹ ਗੱਲ ਸੁਣਦੇ ਸਾਰ ਹੀ ਪੰਡਤ ਨੂੰ ਕਿਹਾ, ਫਿਰ ਦੇਰ ਕਾਹਤੋਂ ਕਰਨੀ ਹੈ। ਸ਼ੁਰੂਆਤ ਹੀ ਤੁਹਾਡੇ ਤੋਂ ਕਰ ਲੈਂਦੇ ਹਾਂ। ਇਹ ਕਹਿ ਕੇ ਉਸਨੇ ਪੰਡਤ ਦੀ ਮਾਰ-ਕੁੱਟ ਕਰ ਦਿੱਤੀ ਅਤੇ ਉਸ ਨੂੰ ਗਾਲੀ-ਗਲੋਚ ਕਰਕੇ ਤੁਰਦਾ ਬਣਿਆ। ਸਾਰੇ ਪਿੰਡ ਵਿੱਚ ਇਹ ਖ਼ਬਰ ਜੰਗਲ ਨੂੰ ਲੱਗੀ ਅੱਗ ਵਾਂਗ ਫੈਲ ਗਈ।

ਉਪਰੋਕਤ ਘਟਨਾ ਵਿੱਚ ਜਿਵੇਂ ਪੰਡਤ ਨੇ ਪ੍ਰਸਿੱਧ ਹੋਣਾ, ਜੱਸ ਖੱਟਣਾ ਅਤੇ ਬਦਨਾਮ ਹੋਣ ਦੇ ਇੱਕੋ ਅਰਥ ਹੀ ਦੱਸ ਦਿੱਤੇ, ਕਰ ਦਿੱਤੇ ਹਨ। ਹੁਣ ਵੀ ਇਸੇ ਤਰ੍ਹਾਂ ਹੀ ਸਮਝੇ ਜਾ ਰਹੇ ਹਨ। ਬਦਨਾਮ ਵਿਅਕਤੀ ਬੜੇ ਚਾਅ (ਬੇ-ਸ਼ਰਮੀ) ਨਾਲ ਦੱਸਦਾ ਹੈ ਕਿ ਉਸਦੀ ਭ੍ਰਿਸ਼ਟਾਚਾਰ ਕਰਦੇ (ਰਿਸ਼ਵਤ ਲੈਂਦੇ) ਰੰਗੇ ਹੱਥੀਂ ਫੜ੍ਹੇ ਜਾਣ ਤੇ ਕਿੰਨੀ ਮਸ਼ਹੂਰੀ ਹੋਈ ਹੈ। ਅਖ਼ਬਾਰਾਂ, ਟੀ.ਵੀ. ਤੇ ਉਸਦੇ ਨਾਂ ਦੀ ਚਰਚਾ ਹੋ ਰਹੀ ਹੈ। ਹਰ ਗੁਨਾਹਗਾਰ ਇੰਝ ਹੀ ਸਮਝ ਰਿਹਾ ਹੈ। ਹੁਣ ਉਹ ਕਹਾਵਤ ਦੀ ਕੋਈ ਵੁਕਤ ਨਹੀਂ ਰਹੀ 'ਚੋਰ ਦੀ ਮਾਂ ਕੋਠੀ 'ਚ ਮੂੰਹ।' ਉਸਦੇ ਰਿਸ਼ਤੇਦਾਰ ਵੀ ਸ਼ਰਮ ਮਹਿਸੂਸ ਨਹੀਂ ਕਰਦੇ ਨਾ ਉਸਨੂੰ ਕਹਿੰਦੇ ਹਨ ਕਿ ਉਹ ਗਲਤ, ਘਟੀਆ ਕੰਮ ਕਰ ਰਿਹਾ ਹੈ। ਅਜਿਹੇ ਲੋਕਾਂ ਲਈ ਚਾਹੀਦਾ ਤਾਂ ਇਹ ਹੈ ਕਿ ਉਨ੍ਹਾਂ ਦੇ ਸਬੰਧੀ, ਰਿਸ਼ਤੇਦਾਰ ਸਮਾਜਿਕ ਬਾਈਕਾਟ ਕਰਨ। ਪਰ ਇੰਝ ਨਹੀਂ ਹੋ ਰਿਹਾ। ਉਹ ਤਾਂ ਸਗੋਂ ਕਹਿੰਦੇ ਹਨ ਕਿ ਲੋਕਾਂ ਦੇ ਸੂਲ ਹੋਣ ਲੱਗ ਪਿਆ, ਖਾਂਦੇ ਨੂੰ ਵੇਖ ਕੇ ਝੱਲ ਨਹੀਂ ਹੋਇਆ। ਉਲਟਾ ਜਨਤਾ ਨੂੰ ਹੀ ਗੁਨਾਹਗਾਰ ਬਣਾਇਆ ਜਾ ਰਿਹਾ, ਦੱਸਿਆ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਬਦਨਾਮੀ ਵਾਲੇ ਕੰਮ ਕਰਨ ਤੋਂ ਕੋਈ ਵੀ ਨਹੀਂ ਝਿਜਕ ਰਿਹਾ, ਡਰ ਰਿਹਾ। ਇੱਥੋਂ ਤੱਕ ਕਿ ਰੱਬ ਨੂੰ ਕਣ-ਕਣ ਵਿੱਚ ਦੱਸਣ ਵਾਲੇ, ਹਰ ਜਗ੍ਹਾ ਪਰਮਾਤਮਾ ਹੈ ਕਹਿਣ ਵਾਲੇ, ਉਸਦੇ ਸਾਹਮਣੇ ਹੀ ਰਿਸ਼ਵਤ ਲੈਂਦੇ, ਠੱਗੀਆਂ ਮਾਰਦੇ, ਕਤਲ, ਬਲਾਤਕਾਰ ਕਰਦੇ, ਡਾਕੇ ਮਾਰਦੇ ਹਨ। ਪਰ ਬੜੀ ਹੈਰਾਨੀ ਦੀ ਗੱਲ ਹੈ। ਉਹ ਇਨ੍ਹਾਂ ਨੂੰ ਮੌਕੇ ਤੇ ਕੁਝ ਵੀ ਨਹੀਂ ਕਹਿੰਦਾ? ਕਿਉਂ? ਸੋਚੋ?

ਅਸਲ ਵਿੱਚ (ਜੱਸ ਖੱਟਣਾ) ਨਾਮ ਕਮਾਉਣ ਦਾ ਵਿਰੋਧੀ ਸ਼ਬਦ ਹੈ ਬਦਨਾਮ ਹੋਣਾ। ਇਸ ਲਈ ਸਪੱਸ਼ਟ ਹੈ ਕਿ ਬੁਰੇ ਕੰਮ ਕਰਨ ਵਾਲਾ ਪ੍ਰਸਿੱਧ ਹੀ ਨਹੀਂ ਹੋ ਰਿਹਾ, ਨਾਮ ਹੀ ਨਹੀਂ ਕਮਾ ਰਿਹਾ ਸਗੋਂ ਬੇ-ਇੱਜ਼ਤ ਹੋ ਰਿਹਾ, ਬਦਨਾਮ ਹੋ ਰਿਹਾ ਹੈ। ਮੂੰਹ ਤੇ ਮਲੀ ਹੋਈ ਕਾਲਖ਼ ਨੂੰ, ਚੰਦਨ ਦਾ ਲੇਪ ਨਹੀਂ ਮੰਨਿਆ ਜਾ ਸਕਦਾ। ਕਿਸੇ ਵਿਅਕਤੀ ਦੇ ਗਲ ਵਿੱਚ ਪਾਏ ਜੁੱਤੀਆਂ ਦੇ ਹਾਰ ਅਤੇ ਸੋਨੇ ਦੇ ਮੈਡਲ ਜਾਂ ਫ਼ੁੱਲਾਂ ਦੇ ਹਾਰ ਦਾ ਫ਼ਰਕ ਲੋਕਾਂ ਦੀ ਸਮਝ ਦਾ ਹਿੱਸਾ ਤੇ ਸਵਾਲ ਜ਼ਰੂਰ ਬਣਨਾ ਚਾਹੀਦਾ ਹੈ। ਫਿਰ ਇਸ ਦੇ ਸਹੀ-ਗਲਤ ਜਸ, ਅਪ-ਜੱਸ, ਬਦਨਾਮ ਤੇ ਨਾਮ ਹੋਣ (ਮਸ਼ਹੂਰ ਹੋਣਾ) ਦਾ ਫ਼ਰਕ ਸਾਫ਼ ਤੇ ਸਪੱਸ਼ਟ ਸਭ ਨੂੰ ਸਮਝ ਲੱਗ ਜਾਵੇਗਾ। ਬਦਨਾਮ ਲੋਕਾਂ ਨੂੰ ਇਸ ਦਾ ਅਹਿਸਾਸ ਕਰਵਾਉਣਾ ਤੁਹਾਡਾ ਵੱਡਾ ਫਰਜ਼ ਬਣਦਾ ਹੈ। ਉਨ੍ਹਾਂ ਦਾ ਅਤੇ ਲੋਕਾਂ ਦੇ ਭੁਲੇਖੇ ਨੂੰ ਦੂਰ ਕਰਨਾ ਹੋਵੇਗਾ। ਪ੍ਰਸਿੱਧ ਹੋਣਾ, ਜੱਸ ਖੱਟਣਾ ਦੇ ਵਿਰੁੱਧ ਉਲਟ ਬੇ-ਇੱਜ਼ਤ, ਬਦਨਾਮ ਹੋਣਾ ਹੁੰਦਾ ਹੈ, ਨਾਮ ਕਮਾਉਣਾ ਨਹੀਂ।

ਧਾਰਮਿਕ ਸਮਾਗਮਾਂ ਦੌਰਾਨ ਪ੍ਰਚਾਰਿਆ ਜਾ ਰਿਹਾ ਹੈ ਕਿ 'ਨਾਮ' ਦੀ ਕਮਾਈ ਕਰਨੀ ਚਾਹੀਦੀ ਹੈ। ਜਿਹੜੀ 'ਨਾਮ' ਦੀ ਕਮਾਈ ਦੀ ਉਹ ਗੱਲ ਕਰਦੇ ਹਨ। ਉਸ ਨੂੰ ਗੁਪਤ ਰੂਪ 'ਚ ਰੱਬ ਦਾ 'ਨਾਮ' ਕਿਹਾ ਜਾਂਦਾ ਹੈ। ਜੇ ਹਰ ਡੇਰੇ, ਸੰਤ, ਬਾਬੇ, ਧਰਮ ਦੇ ਮੁਤਾਬਕ ਉਹ ਕੋਈ ਵੱਖਰਾ ਨਾਮ (ਨਾਮ-ਸ਼ਬਦ) ਹੈ। ਨਾਮ ਦੀ ਕਮਾਈ ਤੋਂ ਭਾਵ ਉਸ ਨਾਮ (ਰੱਬ ਦੇ ਨਾਮ) ਨੂੰ ਜਪਣ, ਰਟਣ, ਬਾਰੰਬਾਰ ਉਚਾਰਣ, ਦੁਹਰਾਅ ਕਰਨ ਤੋਂ ਹੈ। ਕੀ ਕਿਸੇ ਸ਼ਬਦ ਨੂੰ ਵਾਰ-ਵਾਰ ਰਟ ਕੇ, ਜਪ ਕੇ, ਵਾਰ-ਵਾਰ ਦੁਹਰਾ ਕੇ ਸਹੀ ਅਰਥਾਂ ਵਿੱਚ "ਨਾਮ ਦੀ ਕਮਾਈ" ਕੀਤੀ ਜਾ ਸਕਦੀ ਹੈ, ਪ੍ਰਸਿੱਧ ਹੋਇਆ, ਜੱਸ ਖੱਟਿਆ ਜਾ ਸਕਦਾ ਹੈ? ਇਹ ਬਿਲਕੁੱਲ ਵੀ ਸੰਭਵ ਨਹੀਂ ਹੈ ਜੇਕਰ ਤੁਸੀਂ ਸਮਝਦੇ, ਜਾਣਦੇ ਹੋ ਕਿ ਸਿਰਫ਼ ਕਿਸੇ ਇੱਕ ਦੋ ਸ਼ਬਦਾਂ ਜਾਂ ਵਾਕਾਂ ਨੂੰ (ਮੂੰਹ ਵਿੱਚ ਹੀ, ਬਿਨਾਂ ਬੋਲੇ, ਕਿਸੇ ਦੇ ਸੁਣੇ ਅਤੇ ਸਮਝ ਲੱਗੇ) ਜਪਣ, ਰਟਣ ਨਾਲ ਕਿਸੇ ਦਾ ਨਾਮ ਪ੍ਰਸਿੱਧ ਹੋਇਆ ਹੈ ਜਾਂ ਉਸਨੇ 'ਨਾਮ' ਕਮਾਇਆ, ਜੱਸ ਖੱਟਿਆ ਹੈ ਤਾਂ ਤੁਹਾਨੂੰ ਕੁੱਲ ਦੁਨੀਆਂ ਵਿੱਚੋਂ ਅਜਿਹੇ ਇੱਕ ਵੀ ਵਿਅਕਤੀ ਦਾ ਨਾਂ ਪੇਸ਼ ਕਰਨ ਲਈ ਨਹੀਂ ਲੱਭੇਗਾ। ਭਾਵੇਂ ਧਾਰਮਿਕ ਸਮਾਗਮਾਂ ਵਿੱਚ ਕੁਝ ਮਹਾਨ ਵਿਅਕਤੀਆਂ ਦਾ ਨਾਮ ਲੈ ਕੇ ਕਹਾਣੀਆਂ, ਸਾਖ਼ੀਆਂ, ਜੋੜ-ਤੋੜ ਕੇ ਸੁਣਾਈਆਂ ਜਾਂਦੀਆਂ ਹਨ ਕਿ ਉਨ੍ਹਾਂ ਨੇ 'ਨਾਮ ਦੀ ਕਮਾਈ' ਕੀਤੀ ਸੀ, ਭਾਵ ਰੱਬ ਦੇ ਨਾਮ ਨੂੰ ਜਪਿਆ, ਰਟਿਆ ਸੀ। ਉਸ ਦੇ ਕਾਰਨ ਹੀ ਅਸੀਂ ਅੱਜ ਉਨ੍ਹਾਂ ਨੂੰ ਯਾਦ ਕਰਦੇ ਹਾਂ। ਇਹ ਵਿਚਾਰ ਬਿਲਕੁੱਲ ਹੀ ਝੂਠਾ ਹੈ। ਅਜਿਹਾ ਕਹਿੰਦੇ ਸਮੇਂ ਉਨ੍ਹਾਂ ਦੇ ਮਨੁੱਖਤਾ ਪ੍ਰਤੀ ਕੀਤੇ ਸਾਰੇ ਸਾਰਥਿਕ ਕੰਮਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਅਸਲ ਵਿੱਚ ਜਿਨ੍ਹਾਂ ਦੇ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੇ ਮਾਨਵਵਾਦੀ ਵਿਚਾਰਾਂ, ਕੰਮਾਂ ਤੇ 'ਨਾਮ ਦੀ ਕਮਾਈ' ਦੇ ਸ਼ਬਦਾਂ ਦਾ ਪਰਦਾ ਪਾ ਕੇ ਅਸਲ ਵਿੱਚ ਮਹਾਨ ਵਿਅਕਤੀਆਂ ਨਾਲ ਧਰੋਹ ਕਮਾਇਆ ਜਾ ਰਿਹਾ ਹੈ। ਲੋਕ-ਪੱਖੀ ਵਿਚਾਰਾਂ ਨੂੰ

ਲਾਗੂ ਕਰਨ ਲਈ ਆਪਣੇ ਸੁੱਖ ਤਿਆਗਣੇ ਪੈਂਦੇ ਹਨ। ਜਿਨ੍ਹਾਂ ਨੂੰ ਅੱਜ ਅਸੀਂ ਯਾਦ ਕਰਦੇ ਹਾਂ। ਉਨ੍ਹਾਂ ਦੇ ਜੀਵਨ ਬਾਰੇ ਪੜਤਾਲ ਕਰਕੇ ਦੇਖੋ। ਜਿਨ੍ਹਾਂ ਨੇ ਮਨੁੱਖ ਨੂੰ ਮਨੁੱਖ ਬਣਾਉਣ ਅਤੇ ਉਸਦੇ ਲਈ ਹੋਰ ਸਹੂਲਤਾਂ ਪੈਦਾ ਕਰਨ ਲਈ ਆਪਣੀ ਉਮਰ ਦਾ ਪਲ-ਪਲ ਸਾਰੇ ਸੁੱਖ ਤਿਆਗ ਕੇ ਮਨੁੱਖਤਾ ਦੇ ਲੇਖੇ ਲਾਇਆ। ਜਿੱਥੇ ਕਿਤੇ ਕਿਸੇ ਨੇ ਜਿੰਦ ਕੁਰਬਾਨ ਕਰਨ ਦੀ ਲੋੜ ਸਮਝੀ ਜਾਂ ਪਈ ਹੱਸ ਕੇ ਸ਼ਹੀਦ ਹੋ ਗਏ।

ਪ੍ਰੰਤੂ ਅੱਜ ਦੇ ਉਪਭੋਗਤਾਵਾਦੀ ਦੌਰ ਵਿੱਚ ਅਜਿਹਾ ਕਰਨ ਲਈ ਬਹੁ-ਗਿਣਤੀ ਤਿਆਰ ਨਹੀਂ। ਇਸ ਲਈ ਲੋਕਾਂ ਦੀ ਉਪਭੋਗਤਾਵਾਦੀ ਸੋਚ ਨੂੰ ਮੁੱਖ ਰੱਖ ਕੇ ਧਰਮ ਪ੍ਰਚਾਰਕਾਂ, ਪੁਜਾਰੀਆਂ ਨੇਂ ਮਹਾਨ ਵਿਅਕਤੀਆਂ ਦੇ ਰੰਗ-ਰੂਪ ਅਤੇ ਵਿਚਾਰਾਂ ਨੂੰ ਆਪਣੇ ਹਿੱਤ ਪੂਰਦੇ ਵਿਚਾਰਾਂ ਵਾਲੀ ਚਾਸ਼ਨੀ ਲਾ ਕੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਲੋਕਾਂ ਨੂੰ ਸੁੱਖ, ਆਰਾਮ ਨਾਲ ਏ.ਸੀ. ਰੂਮਾਂ, ਪੱਖਿਆਂ-ਕੂਲਰਾਂ, ਰੂਮ-ਹੀਟਰ, ਲਾ ਕੇ ਗਰਮ-ਠੰਡੀਆਂ ਸਹੂਲਤਾਂ ਦਾ ਆਨੰਦ ਮਾਣਦੇ ਹੋਏ, ਗ੍ਰੰਥ, ਪੋਥੀਆਂ ਪੜ੍ਹਨ, ਮਾਲਾ ਫੇਰਨ, ਨਾਮ ਜਪਣ-ਰਟਣ ਭਾਵ 'ਨਾਮ' ਦੀ ਕਮਾਈ ਕਰਨ ਦਾ ਸੌਖਾ ਰਾਹ ਦੱਸ ਦਿੱਤਾ ਹੈ। ਇਸ ਨੂੰ 'ਨਾਮ' ਦੀ ਕਮਾਈ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਅਜਿਹਾ ਕਰਕੇ ਨਾ ਤਾਂ ਪ੍ਰਸਿੱਧ ਹੋਇਆ ਜਾ ਸਕਦਾ ਹੈ, ਨਾ ਜੱਸ ਖੱਟਿਆ ਜਾ ਸਕਦਾ ਹੈ। ਸਿਰਫ਼ ਪਾਖੰਡ ਕੀਤਾ ਤੇ ਭਰਮ ਪੈਦਾ ਕੀਤਾ ਜਾ ਸਕਦਾ ਹੈ। ਕਿਸੇ ਨੂੰ ਜੱਸ ਤਾਂ ਹੀ ਪ੍ਰਾਪਤ ਹੁੰਦਾ ਹੈ ਜੇਕਰ ਉਹ ਲੋਕ-ਪੱਖੀ ਵਿਚਾਰਾਂ ਤੇ ਅਮਲ ਕਰਦਿਆਂ ਆਪਣਾ ਜੀਵਨ ਜਿਉਂਦਾ ਹੈ, ਕੰਮ ਕਰਦਾ ਹੈ ਤਾਂ ਉਸਦਾ ਪ੍ਰਸਿੱਧ ਹੋਣਾ ਯਕੀਨੀ ਹੈ। ਜਿਸ ਨੂੰ ਨਾਮ ਦੀ ਕਮਾਈ ਮੰਨਿਆ ਜਾਵੇਗਾ ਤੇ ਹੋਵੇਗੀ, ਧਾਰਮਿਕ ਸਮਾਗਮਾਂ ਦੌਰਾਨ ਮਹਾਨ ਵਿਅਕਤੀਆਂ, ਸ਼ਹੀਦਾਂ ਦਾ ਜ਼ਿਕਰ ਤਾਂ ਕੀਤਾ ਜਾਂਦਾ ਹੈ। ਪ੍ਰੰਤੂ ਜਿਸ ਕਾਰਜ ਖਾਤਰ ਉਨ੍ਹਾਂ ਨੇ ਦੁੱਖ ਝੱਲੇ, ਸ਼ਹੀਦੀ ਦਿੱਤੀ, ਉਸ ਰਹਿ ਗਏ ਅਧੂਰੇ ਕਾਰਜ ਨੂੰ ਪੂਰਾ ਕਰਨ ਹਿੱਤ ਕੋਈ ਦੁੱਖ ਸਹਿਣ, ਘਾਟਾ ਝੱਲਣ ਲਈ ਵੀ ਤਿਆਰ ਨਹੀਂ, ਸ਼ਹੀਦ ਤਾਂ ਕੀ ਹੋਣਾ। ਅਖੌਤੀ ਪੈਰੋਕਾਰ, ਸ਼ਰਧਾਲੂ ਸਿਰਫ਼ ਉਨ੍ਹਆਂ ਦੀਆਂ ਫੋਟੋਆਂ ਘਰਾਂ ਦੀਆਂ ਕੰਧਾਂ ਉੱਤੇ ਲਗਾਉਣ ਅਤੇ ਗਲਾਂ ਵਿੱਚ ਲਟਕਾਉਣ ਤੱਕ ਹੀ ਸੀਮਤ ਹੋ ਗਏ ਹਨ। ਮਹਾਨ ਵਿਅਕਤੀਆਂ ਦੇ ਜਨਮ ਦਿਨ ਅਤੇ ਸ਼ਹੀਦੀ ਦਿਨ ਤੇ ਰੌਸ਼ਨੀਆਂ ਜਗਾਉਣ, ਪਟਾਕੇ ਚਲਾਉਣ, ਰਸਤੇ ਸਜਾਉਣ, ਸ਼ੋਭਾ-ਯਾਤਰਾ ਕੱਢਣ, ਲੰਗਰ ਛਕਾਉਣ, ਭਜਨ-ਕੀਰਤਨ-ਭਾਸ਼ਣ ਕਰਨ ਨੂੰ ਹੀ ਉਨ੍ਹਾਂ ਪ੍ਰਤੀ ਸ਼ਰਧਾ, ਸਨਮਾਨ, ਸਤਿਕਾਰ, ਫਰਜ਼ ਪੂਰਾ ਸਮਝਿਆ ਜਾ ਰਿਹਾ ਹੈ। ਜਦੋਂ ਕਿ ਇਹਨਾਂ ਨੂੰ ਮਹਾਨ ਵਿਅਕਤੀਆਂ, ਸ਼ਹੀਦਾਂ ਦੇ ਸਨਮਾਨ ਹਿੱਤ ਕੀਤੇ ਕਾਰਜ ਨਹੀਂ ਕਿਹਾ ਜਾ ਸਕਦਾ। ਸਨਮਾਨ ਹਿੱਤ ਕਾਰਜ ਤਾਂ ਉਸਨੂੰ ਹੀ ਸਮਝਿਆ ਤੇ ਮੰਨਿਆ ਜਾਵੇਗਾ ਜੋ ਉਨ੍ਹਾਂ ਦੇ ਸਹੀ ਵਿਚਾਰਾਂ ਦੇ ਅਨੁਕੂਲ, ਅਧੂਰੇ ਕਾਰਜ ਨੂੰ ਮੰਜ਼ਿਲ ਵੱਲ ਲੈ ਕੇ ਜਾਣ ਵਾਲਾ ਹੋਵੇਗਾ। ਜੇਕਰ ਉਨ੍ਹਾਂ ਦੇ ਅਧੂਰੇ ਕਾਰਜ਼ ਨੂੰ ਪੂਰਾ ਕਰਨ ਹਿੱਤ ਇੱਕ ਕਦਮ ਵੀ ਅੱਗੇ ਵੱਲ ਨਹੀਂ ਪੁੱਟਿਆ ਜਾ ਰਿਹਾ ਤਾਂ

ਫਿਰ ਜਨਮ ਤੇ ਸ਼ਹੀਦੀ ਦਿਨ ਇੰਝ ਮਨਾਉਣ ਦਾ ਵੀ ਤੁਹਾਨੂੰ-ਸਾਨੂੰ ਕੀ ਅਧਿਕਾਰ ਹੈ?

ਪ੍ਰੰਤੂ ਜਿਹੜੇ ਲੋਕ ਭਵਸਾਗਰ ਤੋਂ ਪਾਰ ਜਾਣ ਤੇ ਸਵਰਗ ਪ੍ਰਾਪਤੀ, ਸੁੱਖਾਂ ਦੇ ਲਾਲਚ 'ਚ 'ਨਾਮ' ਤਾਂ ਸਵੇਰ-ਸ਼ਾਮ ਜਪਦੇ ਹਨ ਭਾਵ ਰੱਬ ਦੇ ਨਾਮ (ਨਾਮ-ਸ਼ਬਦ) ਦਾ ਸਿਮਰਨ ਕਰਦੇ ਹਨ। ਇੰਝ ਕਰਕੇ ਨਾਮ ਦੀ ਕਮਾਈ ਕਰਨ ਦਾ ਭਰਮ ਪਾਲਦੇ ਹਨ। ਪਰ ਆਪਣੀ ਜ਼ਿੰਦਗੀ ਦੇ ਕਾਰ-ਵਿਹਾਰ ਕਰਦਿਆਂ ਮਨੁੱਖਤਾ ਵਿਰੋਧੀ ਕਾਰਵਾਈਆਂ ਨਿੱਤ-ਨੇਮ ਨਾਲ ਕਰਕੇ ਬਦਨਾਮੀ ਵੀ ਖੱਟ ਰਹੇ ਹਨ। ਸਾਰੇ ਧਰਮਾਂ, ਧਾਰਮਿਕ ਸਥਾਨਾਂ ਨਾਲ ਸਬੰਧਤ ਪੁਜਾਰੀਆਂ, ਪ੍ਰਚਾਰਕਾਂ ਦੀ ਨਿੱਜੀ ਜ਼ਿੰਦਗੀ ਸਬੰਧੀ ਅਖ਼ਬਾਰਾਂ, ਟੀ.ਵੀ. ਚੈਨਲਾਂ ਤੇ ਚਲਦੀਆਂ ਖਬਰਾਂ 'ਨਾਮ ਦੀ ਕਮਾਈ' ਕਰਨ ਵਾਲਿਆਂ ਦੇ ਪਰਦੇਫ਼ਾਸ਼ ਕਰਦੀਆਂ, ਕੂੜ ਦੀ ਕਮਾਈ ਦੇ ਭੇਦ ਖੋਲ੍ਹਦੀਆਂ ਹਨ। ਉਹ ਜਿਸ ਨਾਮ ਦੀ ਕਮਾਈ ਦੀ ਚਰਚਾ ਕਰਦੇ ਹਨ। ਉਸਦਾ ਲਾਭ ਵੀ ਇੱਥੇ ਨਹੀਂ ਸਗੋਂ ਕਿਸੇ ਹੋਰ ਲੋਕ ਭਾਵ ਪ੍ਰਲੋਕ ਵਿੱਚ ਮਿਲਣਾ ਦੱਸ ਰਹੇ ਹਨ। ਕਿਹਾ ਜਾਂਦਾ ਹੈ ਕਿ ਮਨੁੱਖ ਦੇ ਨਾਲ ਸਿਰਫ਼ 'ਨਾਮ' ਦੀ ਕਮਾਈ ਜਾਂਦੀ ਹੈਂ। ਕਿਵੇਂ ਜਾਂਦੀ ਹੈ? ਇਸ ਬਾਰੇ ਕੋਈ ਨਹੀਂ ਦੱਸਦਾ। ਅਸਲ ਵਿੱਚ ਲੋਕਾਂ ਨੂੰ ਗੁੰਮਰਾਹ ਕਰਕੇ ਗੈਰ-ਜ਼ਰੂਰੀ ਕੰਮਾਂ ਤੇ ਲਗਾ ਕੇ ਉਲਝਾਇਆ, ਰੁਝਾਇਆ ਜਾ ਰਿਹਾ ਹੈ। ਸਮੱਸਿਆਵਾਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਕੇ ਹਾਕਮਾਂ ਦੀ ਸੇਵਾ ਕੀਤੀ ਜਾ ਰਹੀ ਹੈ ਤੇ ਸੇਵਾ ਫ਼ਲ ਕਿਸੇ ਨਾ ਕਿਸੇ ਰੂਪ 'ਚ ਪ੍ਰਾਪਤ ਕੀਤਾ ਜਾਂਦਾ ਹੈ। 'ਨਾਮ' ਦੀ ਕਮਾਈ ਸਿਰਫ਼ ਗੱਲਾਂ ਨਾਲ ਨਹੀਂ ਕੀਤੀ ਜਾ ਸਕਦੀ। ਵਿਚਾਰਾਂ ਤੇ ਅਮਲ ਕਰਕੇ ਹੀ ਕੀਤੀ ਜਾ ਸਕਦੀ ਹੈ। ਜਿਵੇਂ ਕਿਹਾ ਜਾਂਦਾ ਹੈ ਕਿ 'ਗੱਲਾਂ ਨਾਲ ਕੜਾਹ ਨਹੀਂ ਬਣਦਾ' ਭਾਵ ਕਿਸੇ ਸ਼ਬਦਾਂ, ਵਾਕਾਂ, ਮੰਤਰਾਂ ਨਾਲ ਕਿਸੇ ਦਾ ਕੁਝ ਨਾ ਵਿਗਾੜਿਆ ਜਾ ਸਕਦਾ ਹੈ, ਨਾ ਆਪਣਾ ਸੰਵਾਰਿਆ ਜਾ ਸਕਦਾ ਹੈ। ਧਾਰਮਿਕ ਸਮਾਗਮਾਂ ਵਿੱਚ ਭਾਵੇਂ ਇੰਝ ਵੀ ਕਿਹਾ ਜਾਂਦਾ ਹੈ ਕਿ 'ਅਮਲਾਂ ਤੇ ਹੋਣਗੇ ਨਬੇੜੇ' ਪ੍ਰੰਤੂ ਆਪ ਜ਼ਿੰਦਗੀ ਦੇ ਕਾਰ-ਵਿਹਾਰ ਕਰਦਿਆਂ ਲੋਕ-ਪੱਖੀ ਵਿਚਾਰਾਂ ਤੇ ਅਮਲ ਕਰਨ ਤੋਂ ਭੱਜਿਆ ਜਾ ਰਿਹਾ ਹੈ। 'ਨਾਮ' ਦੀ ਕਮਾਈ ਦੇ ਸਹੀ ਅਰਥਾਂ ਨੂੰ ਜਾਣ ਕੇ ਸਹੀ ਰੰਗ-ਰੂਪ ਵਿੱਚ ਲੋਕਾਂ ਤੱਕ ਲੈ ਕੇ ਜਾਣਾ ਹੋਵੇਗਾ।

ਜਿਸ ਤੋਂ ਅਗਵਾਈ ਲੈ ਕੇ ਆਪਣੇ ਜੀਵਨ ਵਿੱਚ ਲਾਗੂ ਕਰਕੇ ਅਸਲ ਵਿੱਚ 'ਨਾਮ' ਦੀ ਕਮਾਈ ਕਰਨ ਤੇ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਬਣਨਾ ਹੋਵੇਗਾ। 'ਸਰਬੱਤ ਦੇ ਭਲੇ' ਨੂੰ ਮੁੱਖ ਰੱਖ ਕੇ ਕੀਤੇ ਜਾਣ ਵਾਲੇ ਕੰਮਾਂ ਨੂੰ ਸੱਚੇ ਨਾਮ ਦੀ ਕਮਾਈ ਕਿਹਾ ਹੀ ਨਹੀਂ ਮੰਨਿਆ ਜਾਵੇਗਾ। ਇਸ ਤਰ੍ਹਾਂ ਕੀਤੀ "ਨਾਮ" ਦੀ ਕਮਾਈ ਕਰਤਾ ਦੇ ਜਿਉਂਦੇ ਜੀਅ ਹੀ ਨਹੀਂ ਸਗੋਂ ਮਰਨ ਤੋਂ ਬਾਅਦ ਵੀ ਲੋਕਾਂ ਦੇ ਕਾਰਜ ਸੰਵਾਰੇਗੀ।

ਨਾ ਕੋਈ ਠਾਕੁਰ (ਤੇ) ਨਾ ਕੋਈ ਪੂਜਕ,
ਸਭ ਰੋਟੀ ਦੇ ਉਪਰਾਲੇ,
ਚਿੱਟੀਆਂ ਪੱਗਾਂ (ਤੇ) ਦੂਹਰੇ ਟਿੱਕੇ,
ਅੰਦਰੋਂ ਹਿਰਦੇ ਕਾਲੇ,
ਹੱਥ ਵਿੱਚ ਮਾਲਾ (ਤੇ) ਮੂੰਹ ਵਿਚ ਮੰਤਰ,
ਕੱਛ ਵਿਚ ਤੇਜ਼ ਕਟਾਰੀ,
ਐਸੇ ਠੱਗਾਂ ਨਾਲੋਂ ਚੰਗੇ,
ਖੀਸੇ ਕਤਰਨ ਵਾਲੇ।

-ਧਨੀ ਰਾਮ ਚਾਤ੍ਰਿਕ

ਉਹ ਲੋਕ ਗ਼ੁਲਾਮ ਹਨ ਜੋ ਕਮਜ਼ੋਰਾਂ ਅਤੇ ਗ਼ੁਲਾਮਾਂ ਦੇ ਪੱਖ ਵਿੱਚ ਬੋਲਣੋਂ ਡਰਦੇ ਹਨ। ਉਹ ਬੁਜ਼ਦਿਲ ਅਤੇ ਨਿਰਬਲ (ਦੱਬੂ) ਹਨ। ਜੋ ਧੱਕੇ-ਮੁੱਕੀ, ਧਮਕੀ ਜਾਂ ਘ੍ਰਿਣਾ ਤੋਂ ਡਰ ਕੇ ਸੱਚ ਕਹਿਣੋਂ ਅਤੇ ਸੋਚਣੋਂ ਕਤਰਾਉਂਦੇ ਹਨ। ਉਹ ਵੀ ਗ਼ੁਲਾਮ ਹਨ, ਜੋ ਸੱਚਾਈ ਦੀ ਖ਼ਾਤਰ ਬਹੁ-ਸੰਮਤੀ ਦੇ ਟਾਕਰੇ ਵਿੱਚ ਇਕੱਠੇ ਜਾਂ ਇੱਕ, ਦੋ ਸਾਥੀਆਂ ਦੇ ਨਾਲ ਸੱਚ ਦੀ ਆਵਾਜ਼ ਨਹੀਂ ਉਠਾਉਂਦੇ।

-ਜੇ. ਆਰ. ਲਾਵੇਲ